Events Posters
Sri Bhaini Sahib
2020

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਪ੍ਰਕਾਸ਼ ਸ਼ਤਾਬਦੀ

1ST CENTENARY

1920 - 2020

100 Years of Satguru Jagjit Singh Ji

An Initiative by Vishav Namdhari Vidyak Jatha

SELFIE WITH

Rangoli Contest

Theme - Fight COVID-19

Only One Participant

Junior 10-16 | Senior 16-25

1. 3 Min. Video **2.** Area 2.5ft X 2.5ft **3.** Last date 25th June

Mrs. Rattan kaur
+91 9501343300

- The size of rangoli should not exceed 2.5 x 2.5 ft.
- Flowers/grass/edible/ natural materials/ colors is to be used.
- Use of stencils is prohibited.
- Photos while making the rangoli and of the final rangoli has to be shared.
- The video if exceeded 3 mins will be disqualified
- Keep the full video with you. In case, it is required the judges can ask for it.

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 100ਵੇਂ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ

ਵੱਲੋਂ ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਸ੍ਰੀ ਭੈਣੀ ਸਾਹਿਬ

ਔਨਲਾਇਨ
ਲਿਖਤੀ ਸਵਾਲ ਜਵਾਬ
ਪ੍ਰਤੀਯੋਗਤਾ

05 ਜੁਲਾਈ 2020
ਸਵੇਰੇ 10 ਤੋਂ 11 ਵਜੇ
(ਭਾਰਤੀ ਸਮਾਂ)

ਪ੍ਰਕਾਸ਼ ਸ਼ਤਾਬਦੀ
1st CENTENARY
1920-2020

ਬੀਬੀ ਲਖਵਿੰਦਰ ਕੌਰ
+91 8872027252
+91 7973227808

ਸਲੇਬਸ:

1. ਪ੍ਰਕਾਸ਼ ਪੁੰਜ ਭਾਗ - 1 (ਪੰਨਾ ਨੰ. 156 ਤੱਕ)
2. Saga of Satguru Jagjit Singh Ji (till page no.50)

ਨੋਟ

ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਪਹਿਲਾਂ "Google" ਫਾਰਮ ਭਰਨਾ ਜਰੂਰੀ ਹੋਵੇਗਾ। ਭਾਗ ਲੈਣ ਵਾਲੇ ਪ੍ਰਤੀਯੋਗੀਆਂ ਨੂੰ ਇਕ ਲਿੰਕ ਦਿੱਤਾ ਜਾਵੇਗਾ, ਜਿਸ ਨੂੰ ਖੋਲ ਕਿ ਪ੍ਰਤੀਯੋਗੀ, ਪ੍ਰਸ਼ਨਾਂ ਦੇ ਜਵਾਬ ਦੇ ਸਕਣਗੇ। ਇਹ ਲਿੰਕ "ਵੱਟਸਐਪ ਗਰੁੱਪਾਂ" ਤੇ ਉਪਲਬਧ ਹੋਵੇਗਾ। ਸਲੇਬਸ ਵਿਚ ਦਿੱਤੀਆਂ ਕਿਤਾਬਾਂ www.sribhainisahib.com/ebooks.html ਤੇ ਮੌਜੂਦ ਹਨ। ਇਹ ਪ੍ਰਤੀਯੋਗਤਾ ਹਰ ਮਹੀਨੇ ਉਲੀਕੀ ਜਾਵੇਗੀ।



ਨਵੇਂ ਉੱਭਰਦੇ ਸੰਗੀਤਕਾਰਾਂ ਨੂੰ
ਉਤਸ਼ਾਹਿਤ ਕਰਨ ਲਈ
ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ
ਕਿਰਪਾ ਸਦਕਾ

ਸੰਗੀਤ ਮਈ ਸ਼ਾਮ

ਵਿਸ਼ਵ ਨਾਮਧਾਰੀ ਵਿੱਦਿਅਕ ਜਥੇ ਦੇ ਫੇਸਬੁੱਕ ਪੇਜ ਤੇ

ਜੈਤਾ ਸਿੰਘ ਨਾਮਧਾਰੀ (ਸਰੋਦ) । ਮਨਸਾ ਸਿੰਘ ਨਾਮਧਾਰੀ (ਤਬਲਾ)

https://www.facebook.com/vishavnamdharividyakjatha

20 ਜੁਲਾਈ 2020, ਸੋਮਵਾਰ,
ਸ਼ਾਮ 8 ਵਜੇ ਤੋਂ



ਜਰੂਰੀ ਸੂਚਨਾ

ਜਿਹੜੇ-ਜਿਹੜੇ ਵੱਟਸਐਪ ਗਰੁੱਪਾਂ 'ਚ ਰੋਜ਼ਾਨਾ ਅੰਮ੍ਰਿਤ ਵੇਲੇ ਉੱਠਣ ਵਾਲੀ ਨਾਮਧਾਰੀ ਸੰਗਤ ਆਪਣੀ ਹਾਜਰੀ ਲਗਾ ਰਹੀ ਹੈ। ਉਹਨਾਂ ਵਿਦਿਅਕ ਜਥੇ ਦੇ ਅਹੁਦੇਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪੋ ਆਪਣੇ ਇਲਾਕੇ ਦੇ ਇਹਨਾਂ ਗਰੁੱਪਾਂ ਦੀ ਰੋਜ਼ਾਨਾ ਹਾਜਰੀ ਸਾਨੂੰ ਹੇਠ ਲਿਖੇ ਸੰਪਰਕ ਨੰਬਰ ਤੇ ਭੇਜਣ ਦੀ ਕਿਰਪਾਲਤਾ ਕਰਨ। ਇਹਨਾਂ ਹਾਜਰੀਆਂ ਦੀ ਰਿਪੋਰਟ, ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਪਾਸ ਭੇਜੀ ਜਾਵੇਗੀ।

+91 9463010382, ਈਮੇਲ: **vnvj@sribhainisahib**

ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਸ੍ਰੀ ਭੈਣੀ ਸਾਹਿਬ



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਖੀ ਮਿਲਹੁ ਰਸਿ ਮੰਗਲੁ ਗਾਵਹੁ
ਹਮ ਘਰਿ ਸਾਜਨੁ ਆਇਆ ॥

ਹਾਜਰਾ ਹਜੂਰ

ਸ੍ਰੀ ਸਤਿਗੁਰੂ ਉਦੈ ਸਿੰਘ ਜੀ
ਦੇ ਪ੍ਰਕਾਸ਼ ਪੁਰਬ ਦੀਆਂ
ਸਮੂਹ ਸਾਧ ਸੰਗਤ ਨੂੰ ਬਹੁਤ ਵਧਾਈਆਂ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ (100 ਸਾਲਾ) ਪਹਿਲੀ ਪ੍ਰਕਾਸ਼ ਸ਼ਤਾਬਦੀ
ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕ੍ਰਿਪਾ ਸਦਕਾ ਦੁਨੀਆ ਭਰ ਵਿੱਚ ਪੂਰਾ ਸਾਲ ਮਨਾਈ ਜਾ ਰਹੀ ਹੈ।
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਸ੍ਰੀ ਸਤਿਗੁਰੂ ਉਦੇ ਸਿੰਘ ਜੀ
SPS HOSPITALS
A UNIT OF SJS HEALTHCARE LTD.
Rishta, Zindagi Se.
SATGURU PARTAP SINGH HOSPITALS
ਦੇ ਸਹਿਯੋਗ ਨਾਲ
ਜਰਨੈਲ ਹਰੀ ਸਿੰਘ ਨਲੂਆ ਕਲਚਰਲ ਐਂਡ ਵੈਲਫੇਅਰ ਸੁਸਾਇਟੀ ਰਜਿ: ਵੱਲੋਂ
ਵਣ ਮਹਾਂ ਉਤਸਵ
ਜੈ ਸਿੰਘ ਸੰਧੂ (ਐਮ.ਡੀ. ਐਸ.ਪੀ.ਐਸ.ਹਸਪਤਾਲ)
ਮਿਤੀ 23 ਜੁਲਾਈ 2020, ਸਥਾਨ : ਗਰੀਨ ਪਾਰਕ, ਨੇੜੇ ਕਰਮ ਚੱਕਸ, ਲੁਧਿਆਣਾ
ਗੁਰਦੇਵ ਆਹਲੂਵਾਲੀਆ (ਏ.ਸੀ.ਪੀ., ਟ੍ਰੈਫਿਕ)
ਸੰਦੀਪ ਵਡੇਰਾ (ਏ.ਸੀ.ਪੀ. ਲੁਧਿਆਣਾ)
ਇੰਸ. ਪ੍ਰੇਮ ਭੰਗੂ
ਸਤਨਾਮ ਸਿੰਘ (ਸੀ.ਐਸ.ਓ)
ਬੱਲੀ ਕਨੇਡਾ
ਸੱਤੀ ਕਨੇਡਾ (ਐਮ.ਡੀ.ਏਜ ਟਰਾਂਸਪੋਰਟ)
ਮਨਜੀਤ ਬੁਲਾਰਾ
ਰਾਜ ਕੁਮਾਰ (ਐਕਸੀਅਨ)
ਜਗਜੀਤ ਜੱਲ੍ਹਾ
ਲਖਵੀਰ ਬੱਦੋਵਾਲ
ਰਾਣਾ ਪ੍ਰਧਾਨ
ਕੁਲਦੀਪ ਸਿੰਘ (ਕੇ.ਦੀਪ)
ਮਮਤਾ ਮਹਿਰਾ (ਪ੍ਰਿੰਸੀਪਲ)
ਨੰਦਨੀ ਗੁਪਤਾ
ਬਿੰਦੀਆ ਮਦਾਨ
ਵੱਲੋਂ : ਜਰਨੈਲ ਹਰੀ ਸਿੰਘ ਨਲੂਆ ਕਲਚਰਲ ਐਂਡ ਵੈਲਫੇਅਰ ਸੁਸਾਇਟੀ ਰਜਿ:



ਸ਼ਹੀਦੀ ਸਾਕਾ ਰਾਇਕੋਟ

Martyrs of Saka Raikot

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸੰਪੂਰਨ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਜੀ ਦੀ


ਸ਼ੁੱਧ ਅਤੇ ਸਪਸ਼ਟ

ਰਿਕਾਰਡਿਗਾਂ ਸੁਣਨ ਲਈ ਅੱਜ ਹੀ ਅਪਣੇ ਮੋਬਾਇਲ ਵਿਚ



Download/Refresh ਕਰੋ "RaagNaad"

Google play store ਤੋਂ ਜਾਂ App store



ਸੰਪਰਕ – 9356697445, 9463010382

Email - vnvj@sribhainisahib.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Complete recitation of

Sri Aad Guru Granth Sahib

is now available on

"RaagNaad"

Kindly download this app from

Google play store or App store

Contact – 9356697445, 9463010382

Email - vnvj@sribhainisahib.com





ਸ੍ਰੀ ਭੈਣੀ ਸਾਹਿਬ 'ਚ ਵਹਿੰਦੀ ਹੈ ਸੰਗੀਤ ਦੀ ਗੰਗਾ

ਰਾਜੇਸ਼ ਮਾਲਵੀਆ ਤਿੰਨ ਦਿਨਾ ਤਬਲਾ ਸਿਖਲਾਈ ਕੈਂਪ 'ਚ ਸੈਂਕੜੇ ਨੌਜਵਾਨਾਂ ਨੇ ਲਿਆ ਹਿੱਸਾ



ਸ੍ਰੀ ਭੈਣੀ 'ਚ ਲੱਗੇ ਕੈਂਪ 'ਚ ਬੱਚਿਆਂ ਨੂੰ ਤਬਲੇ ਦੀਆਂ ਤਾਲਾਂ ਬਾਰੇ ਦੱਸਦੇ ਰਾਜੇਸ਼ ਮਾਲਵੀਆ।

ਲੁਧਿਆਣਾ, 9 ਜੁਲਾਈ (ਜ.ਬ.)–ਨਾਮਧਾਰੀ ਮੁਖੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਸਦਕਾ ਨਾਮਧਾਰੀ ਵਿੱਦਿਅਕ ਜੱਥੇ ਸ੍ਰੀ ਭੈਣੀ ਸਾਹਿਬ ਵਲੋਂ ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਤਿੰਨ ਦਿਨਾ ਤਬਲਾ ਸਿਖਲਾਈ ਕੈਂਪ ਲਾਇਆ ਗਿਆ। ਜਿਸ 'ਚ ਲੁਧਿਆਣਾ, ਜਲੰਧਰ, ਬਟਾਲਾ ਤੋਂ ਹੁਸ਼ਿਆਰਪੁਰ ਦੇ ਸੈਂਕੜੇ ਨੌਜਵਾਨਾਂ ਨੇ ਭਾਗ ਲਿਆ।

ਇਸ ਮੌਕੇ ਸੰਬੋਧਨ ਕਰਦਿਆਂ ਵਿਸ਼ਵ ਪ੍ਰਸਿੱਧ ਤਬਲਾ ਵਾਦਕ ਰਾਜੇਸ਼ ਕੁਮਾਰ ਮਾਲਵੀਆ ਨੇ ਆਖਿਆ ਗਰੀਬ ਨਿਵਾਜ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਮੇਸ਼ਾ ਬਚਨ ਕਰਦੇ ਸਨ ਕਿ ਹਰ ਨਾਮਧਾਰੀ ਸਿੱਖ ਦੇ ਬੱਚੇ 'ਚੋਂ ਸੰਗੀਤ ਦੀ ਖੁਸ਼ਬੂ ਆਵੇ।

ਮੌਜੂਦਾ ਨਾਮਧਾਰੀ ਮੁਖੀ ਸਤਿਗੁਰੂ ਉਦੇ ਸਿੰਘ ਜੀ ਕਿਰਪਾ ਸਕਦਾ ਅੱਜ ਹਜ਼ਾਰਾ ਨਾਮਧਾਰੀ ਨੌਜਵਾਨਾਂ ਦੇਸ਼ ਵਿਦੇਸ਼ 'ਚ ਸੰਗੀਤ ਦੀ ਖੁਸ਼ਬੂ ਵੰਡ ਰਹੇ ਹਨ ਸ੍ਰੀ ਭੈਣੀ ਸਾਹਿਬ ਪੂਰੀ ਦੁਨੀਆਂ 'ਚ ਸ਼ਾਸਤਰੀ ਸੰਗੀਤ ਦਾ ਕੇਂਦਰ ਬਣ ਗਿਆ ਹੈ। ਵੱਡੇ-ਵੱਡੇ ਸੰਗੀਤਕਾਰ ਇਸ ਪਵਿੱਤਰ ਧਰਤੀ 'ਤੇ ਨਤਮਸਤਕ ਹੋ ਕੇ ਆਪਣਾ ਜਨਮ ਸਫਲਾ ਕਰ ਰਹੇ ਹਨ।

ਸਹੀ ਅਰਥਾਂ 'ਚ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਦੀ ਗੰਗਾ ਵਹਿ ਰਹੀ ਹੈ।

ਮੁੰਬਈ ਤੋਂ ਪੁੱਜੇ ਸੰਗੀਤਾਕ ਮਨਜੀਤ ਸਿੰਘ ਸਿੰਘ ਬਿਰਦੀ ਨੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ।

ਇਸ ਮੌਕੇ ਪ੍ਰਧਾਨ ਗੁਰਦੇਵ ਚੀਮਾ, ਹਾਕੀ ਖਿਡਾਰੀ ਸੁੱਖਾ ਮਠਾੜੂ ਤੇ ਪ੍ਰੈੱਸ ਸਕੱਤਰ ਲਖਵੀਰ ਬੱਦੋਵਾਲ ਵੀ ਮੌਜੂਦ ਸਨ।



The First Indian to use Non-Cooperation
and Boycotting of British Merchandise
and Services as a Political Weapon.
:Wikipedia, Encyclopedia
Happy Independence
Founded,
The Non-Cooperation Movement
50 Years before
The Mahatma Gandhi started,
amongst Namdhari (Kuka) Sikhs.
:Dr Rajendra Prasad
It is a historic fact that,
Sri Satguru Ram Singh Ji
was the master planner of
India's freedom movement.
: Jawaharlal Nehru, Subash Chander Bose
Basant Bhinder


ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
Fareedhaa Jangal Jangal Kiaa Bhavehi Van Kanddaa Morraehi ||
Fareed, why do you wander from jungle to jungle, crashing through the thorny trees?
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥
Vasee Rab Hiaaleeai Jangal Kiaa Dtoodtaehi ||19||
The Lord abides in the heart; why are you looking for Him in the jungle? ||19||
- ਸ਼ੇਖ ਫਰੀਦ · ਅੰਗ ੧੩੭੮
© www.sribhainisahib.com

ਨਾਮਧਾਰੀ ਪੰਥ ਦਾ ਗੁਰਮਤਿ ਸੰਗੀਤ ਪ੍ਰਤੀ ਯੋਗਦਾਨ

ਨਾਮ ਬਾਣੀ ਦੇ ਰਸੀਏ, ਸਿੱਖ ਕੌਮ ਦੇ ਇਸ ਹਰਾਵਲ ਦਸਤੇ ਨੇ ਜਿੱਥੇ ਖੇਡਾਂ, ਖੇਤੀਬਾੜੀ, ਭਵਨ ਨਿਰਮਾਣ ਕਲਾ, ਵਪਾਰ, ਰਾਜਨੀਤੀ ਅਤੇ ਹੋਰਨਾਂ ਪਰਉਪਕਾਰੀ ਕਾਰਜਾਂ ਵਿਚ ਬਹੁਤ ਨਾਮਣਾ ਖੱਟਿਆ ਹੈ, ਉੱਥੇ ਸ਼ਾਸਤਰੀ ਸੰਗੀਤ (ਗਾਇਨ ਅਤੇ ਵਾਦਨ) ਅਤੇ ਖਾਸਕਰ ਗੁਰਮਤਿ ਸੰਗੀਤ ਨੂੰ ਪੁਰਾਤਨ ਕੀਰਤਨ ਪਰੰਪਰਾ ਦੇ ਮੁਤਾਬਕ ਜੀਵੰਤ ਰੱਖਦਿਆਂ ਬਹੁਤ ਹੀ ਸਲਾਹੁਣਯੋਗ ਉਪਰਾਲਾ ਕੀਤਾ ਹੈ। ਨਾਮਧਾਰੀ ਪੰਥ ਦੇ ਪਵਿੱਤਰ ਅਸਥਾਨ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਨੂੰ ਸੰਗੀਤ ਦੀ ਤ੍ਰਿਵੇਣੀ ਵੀ ਆਖਿਆ ਜਾਂਦਾ ਹੈ।

ਨਾਮਧਾਰੀ ਪੰਥ ਦੇ ਬਾਨੀ ਸਤਿਕਾਰਯੋਗ ਬਾਬਾ ਰਾਮ ਸਿੰਘ (ਜਿਨ੍ਹਾਂ ਨੂੰ ਨਾਮਧਾਰੀ ਪੰਥ ਸਤਿਗੁਰੂ ਰਾਮ ਸਿੰਘ ਵਜੋਂ ਸੰਬੋਧਨ ਕਰਦਾ ਹੈ) ਨੇ ਜਦੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਫੌਜਾਂ ਦੀ ਕਰਾ-ਮਾਰੂ ਜੰਗ ਤੋਂ ਦੁਖੀ ਹੋ ਕੇ ਖਾਲਸਾ ਫੌਜ ਦੀ ਨੌਕਰੀ ਛੱਡੀ ਤਾਂ ਆਪ ਨੇ ਆਪਣਾ ਸਾਰਾ ਧਿਆਨ ਸਿਮਰਨ, ਨਾਮ ਬਾਣੀ ਦੇ ਪ੍ਰਚਾਰ-ਪ੍ਰਸਾਰ ਅਤੇ ਦੇਸ਼ ਦੀ ਆਜ਼ਾਦੀ ਦੇ ਲੇਖੇ ਲਾ ਦਿੱਤਾ। ਉਨ੍ਹਾਂ ਦੇ ਸਮੇਂ ਤੋਂ ਹੀ ਨਾਮਧਾਰੀਆਂ ਨੇ ਗੁਰਮਤਿ ਸੰਗੀਤ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਮਹਾਨ ਪਰੰਪਰਾ ਨੂੰ ਹੋਰ ਪ੍ਰਚੰਡ ਅਤੇ ਪਕੇਰਾ ਕੀਤਾ। ਉਨ੍ਹਾਂ ਨੇ ਮੁਠੱਡੇ ਪਿੰਡ ਲਾਗਲੇ ਪਿੰਡ ਪੁਲੇਰਾ ਵਿਚ ਰਹਿੰਦੇ ਇਕ ਮੀਰਜ਼ਾਦੇ ਦਿੱਤੂ ਨੂੰ ਜਿਹੜਾ ਕਿ ਭੇਡਾਂ-ਬੱਕਰੀਆਂ ਚਾਰਦਾ ਹੁੰਦਾ ਸੀ, ਆਪਣੇ ਕੋਲ ਬੁਲਾਇਆ। ਉਨ੍ਹਾਂ ਨੂੰ ਕਿਸੇ ਨੇ ਇਹ ਦੱਸਿਆ ਸੀ ਕਿ ਦਿੱਤੂ ਕੋਲ ਸੁਰ ਗਿਆਨ ਹੈ। ਬਾਬਾ ਰਾਮ ਸਿੰਘ ਨੇ ਦਿੱਤੂ ਕੋਲੋਂ ਦੋ ਸ਼ਬਦ ਸੁਣੇ ਅਤੇ ਫੇਰ ਅੰਮ੍ਰਿਤਸਰ ਸੰਗੀਤ ਦੀ ਬਾਕਾਇਦਾ ਤਾਲੀਮ ਉਸਤਾਦ ਲੋਕਾਂ ਕੋਲੋਂ ਦਿਵਾਈ। ਸਿੱਖੀ ਸਰੂਪ ਵਿਚ ਆਉਣ ਉਪਰੰਤ ਉਸ ਦਾ ਨਾਮ ਗੁਰਦਿੱਤ ਸਿੰਘ ਰੱਖਿਆ ਗਿਆ ਅਤੇ ਉਹ ਆਪਣੇ ਸਮੇਂ ਦਾ ਪ੍ਰਸਿੱਧ ਕੀਰਤਨੀਆ ਹੋਇਆ ਹੈ। ਨਾਮਧਾਰੀ ਪੰਥ ਦੇ ਸਤਿਗੁਰੂ ਰਾਮ ਸਿੰਘ ਨੇ ਉਸ ਸਮੇਂ ਪ੍ਰਚਾਰ ਲਈ ਅਨੇਕਾਂ ਕੀਰਤਨੀ ਜਥੇ ਤਿਆਰ ਕੀਤੇ ਅਤੇ ਸੰਗਤਾਂ ਤੱਕ ਹੁਕਮ ਕੀਤਾ ਕਿ ਉਹ ਕੀਰਤਨ ਭੇਟਾ ਵਜੋਂ ਇਕ-ਇਕ ਰੁਪਈਆ (ਉਦੋਂ ਬਹੁਤ ਵੱਡੀ ਰਕਮ) ਰਾਗੀ ਜਥਿਆਂ ਨੂੰ ਜ਼ਰੂਰ ਭੇਟਾ ਕਰਿਆ ਕਰਨ। ਤੰਤੀ ਸਾਜ਼ਾਂ ਨਾਲ ਕੀਰਤਨ ਦੀ ਪਰੰਪਰਾ ਦਾ ਉਨ੍ਹਾਂ ਨੇ ਪ੍ਰਚਲਨ ਹੋਰ ਪ੍ਰਚੰਡ ਕੀਤਾ। ਨਾਮਧਾਰੀ ਸਿੰਘਾਂ ਦੇ ਉੱਚ ਕੋਟੀ ਦੇ 22 ਜਥੇ ਉਨ੍ਹਾਂ ਨੇ ਕੀਰਤਨ ਸੇਵਾ ਲਈ ਤਿਆਰ ਕੀਤੇ।



ਤੀਰਥ ਸਿੰਘ ਢਿੱਲੋਂ

ਉਨ੍ਹਾਂ ਨੇ ਬਾਬਾ ਨਿਹਾਲ ਸਿੰਘ ਰਾਗੀ ਕੋਲੋਂ ਬਾਰਹ ਮਾਹਾ, ਮਾਝ ਅਤੇ ਤੁਖਾਰੀ ਦੋਵਾਂ ਰਾਗਾਂ ਵਿਚ ਗਵਾਇਆ। ਉਨ੍ਹਾਂ ਤੋਂ ਉਪਰੰਤ ਬਾਬਾ ਹਰੀ ਸਿੰਘ ਨੇ ਇਹ ਰਵਾਇਤ ਜਾਰੀ ਰੱਖੀ। ਬਾਬਾ ਪ੍ਰਤਾਪ ਸਿੰਘ ਦੇ ਸਮੇਂ ਭੈਣੀ ਸਾਹਿਬ ਜਿਵੇਂ ਰਾਗ ਸੰਗੀਤ ਦਾ ਮਰਕਜ਼ ਬਣ ਗਿਆ। ਸੰਨ 1933 ਵਿਚ ਉਨ੍ਹਾਂ ਨੇ ਬਹੁਤ ਉੱਚ ਪੱਧਰ ਦਾ ਮਹਾਨ ਅਤੇ ਨਾਮੀ ਗੁਰਮਤਿ ਸੰਗੀਤ ਮੁਕਾਬਲਾ ਸ੍ਰੀ ਭੈਣੀ ਸਾਹਿਬ ਵਿਖੇ ਕਰਵਾਇਆ। ਇਸ ਮੁਕਾਬਲੇ ਵਿਚ ਉਸ ਸਮੇਂ ਦੇ ਤਕਰੀਬਨ ਸਾਰੇ ਮੰਨੇ-ਪ੍ਰਮੰਨੇ ਰਾਗੀਆਂ ਅਤੇ ਰਬਾਬੀਆਂ ਨੇ ਤੰਤੀ ਸਾਜ਼ਾਂ ਨਾਲ ਗੁਰਬਾਣੀ ਦਾ ਗਾਇਨ ਕੀਤਾ। ਇਸ ਅਲੌਕਿਕ ਕੀਰਤਨ ਦਰਬਾਰ ਦਾ ਜ਼ਿਕਰ ਪੰਥ ਦੇ ਮਹਾਨ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਨੇ ਵੀ ਢੁਕਵੇਂ ਅਤੇ ਪ੍ਰਸ਼ੰਸਾ ਯੋਗ ਢੰਗ ਨਾਲ ਕੀਤਾ ਹੈ। ਬਾਬਾ ਪ੍ਰਤਾਪ ਸਿੰਘ ਨੇ ਪਹਿਲੇ, ਦੂਜੇ ਅਤੇ ਤੀਜੇ ਦਰਜੇ ਉੱਤੇ ਆਉਣ ਵਾਲੇ ਜਥਿਆਂ ਅਤੇ ਭਾਗ ਲੈਣ ਵਾਲੇ ਹਰੇਕ ਜਥੇ ਨੂੰ ਵੀ ਇਨਾਮ ਦੇ ਕੇ ਅਸੀਸਾਂ ਬਖਸ਼ੀਆਂ।



ਬਾਬਾ ਪ੍ਰਤਾਪ ਸਿੰਘ

ਬਾਬਾ ਪ੍ਰਤਾਪ ਸਿੰਘ ਨੇ ਆਪਣੇ ਸਪੁੱਤਰ ਜਗਜੀਤ ਸਿੰਘ ਨੂੰ ਸੰਗੀਤ ਦੀ ਬਾਕਾਇਦਾ ਤਾਲੀਮ ਦਿਵਾਈ। ਤਕਰੀਬਨ ਸਾਢੇ ਚਾਰ ਸਾਲ ਉਨ੍ਹਾਂ ਨੇ ਭਾਈ ਹਰਨਾਮ ਸਿੰਘ ਚਵਿੰਡੇ ਵਾਲਿਆਂ ਤੋਂ ਗੁਰਮਤਿ ਸੰਗੀਤ ਸਿੱਖਿਆ ਅਤੇ ਉਪਰੰਤ ਉਸ ਸਮੇਂ ਦੇ ਮਹਾਨ ਗੁਣੀ ਜਨ ਮਹੰਤ ਗੱਜਾ ਸਿੰਘ ਦੇ ਸ਼ਾਗਿਰਦ ਉਸਤਾਦ ਮਸਤਾਨ ਸਿੰਘ ਕੋਲੋਂ ਦਿਲਰੁਬਾ ਦੀ ਤਾਲੀਮ ਲਈ। ਹਰਿਆਣੇ ਵਿਚ ਜੀਵਨ ਨਗਰ ਵਿਚ ਵੀ ਉਨ੍ਹਾਂ ਨੇ ਸੰਗੀਤ ਸਿਖਾਉਣ ਲਈ ਉਸਤਾਦ ਰੱਖੇ ਅਤੇ ਭੈਣੀ ਸਾਹਿਬ ਵਿਖੇ ਠੁਮਰੀ ਦੇ ਮਹਾਨ ਕਲਾਕਾਰ ਮਹਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਦੀ ਸੇਵਾ ਲਾਈ। ਬਾਬਾ ਪ੍ਰਤਾਪ ਸਿੰਘ ਦੀ ਵੱਡੀ ਦੇਣ ਇਹ ਹੈ ਕਿ ਜਿੱਥੇ ਪਹਿਲਾਂ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੋਵੇਂ ਵੱਖ-ਵੱਖ ਧਾਰਾਵਾਂ ਸਨ, ਉਨ੍ਹਾਂ ਨੇ ਉਨ੍ਹਾਂ ਦਾ ਸੁਮੇਲ ਕਰਕੇ ਮਹਾਨ ਕਲਾਤਮਕ ਅਤੇ ਸੋਭਮਈ ਗਾਇਨ ਸ਼ੈਲੀ ਦੀ ਦੇਣ ਦਿੱਤੀ। (ਬਾਕੀ ਅਗਲੇ ਮੰਗਲਵਾਰ ਦੇ ਅੰਕ 'ਚ)

ਮੈਂਬਰ, ਕੀਰਤਨ ਸਬ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ। ਸੰਪਰਕ: 98154-61710

ਵਿਸ਼ਵ ਨਾਮਧਾਰੀ ਸੰਗਤ

ਸ੍ਰੀ ਭੈਣੀ ਸਾਹਿਬ

ਸੈਮੀਨਾਰ

ਪੰਜਾਬੀ ਹਮਾਰੀ ਮਾਤ ਭਾਸ਼ਾ ਹੈ।
-ਤਜਿੰਦਰ ਸਿੰਘ

ਪੰਜਾਬੀ ਤੋਂ ਅੱਖਰ ਹੀ ਨਹੀਂ,
ਸੋਚ ਵੀ ਲੈਣੀ ਚਾਹੀਦੀ ਹੈ।

ਦੀਵਾ ਮੰਮਟੀ ਤੇ ਧਰੀਏ ਜੀ
ਤਿਲ ਚੌਲੇ ਸੱਜਣਾਂ ਦੇ
ਪੰਜਾਬੀ ਹੋਣ ਤੇ ਪੜ੍ਹਣੇ ਦੀ ਲੋੜ ਏ
"ਸਿੱਧੂ" ਸਦਾ ਹੀ ਮਾਣ ਕਰੀਏ ਜੀ

ਨਾਮਧਾਰੀ ਪੰਥ ਦਾ ਗੁਰਮਤਿ ਸੰਗੀਤ ਪ੍ਰਤੀ ਯੋਗਦਾਨ



ਤੀਰਥ ਸਿੰਘ ਢਿੱਲੋਂ

(ਲੜੀ ਜੋੜਨ ਲਈ ਪਿਛਲੇ ਮੰਗਲਵਾਰ ਦਾ ਅੰਕ ਦੇਖੋ)

ਉਨ੍ਹਾਂ ਨੇ ਸੰਗੀਤ ਆਚਾਰਿਆ ਪ੍ਰੋ: ਕਿਰਪਾਲ ਸਿੰਘ ਜੰਡੂ ਜਲੰਧਰ ਕੋਲੋਂ ਵੀ ਵਿਦਿਆਰਥੀਆਂ ਨੂੰ ਸੰਗੀਤ ਅਤੇ ਕੀਰਤਨ ਦੀ ਤਾਲੀਮ ਦਿਵਾਈ। ਉਹ ਏਨੇ ਉੱਚ ਕੋਟੀ ਦੇ ਸੰਗੀਤਕਾਰ ਸਨ ਕਿ ਵੱਡੇ-ਵੱਡੇ ਉਸਤਾਦ ਜਦੋਂ ਉਨ੍ਹਾਂ ਕੋਲ ਆਉਂਦੇ ਤਾਂ ਉਨ੍ਹਾਂ ਕੋਲੋਂ ਬਹੁਤ ਕੁਝ ਪ੍ਰਾਪਤ ਕਰਦੇ। ਉਨ੍ਹਾਂ ਨੇ ਅਨੇਕ ਸੰਗੀਤਕ ਬੰਦਿਸ਼ਾਂ ਦੀ ਰਚਨਾ ਕੀਤੀ। ਸੰਗੀਤ ਦੀ ਦੁਨੀਆ ਦੇ ਧੁਰੰਤਰ ਕਲਾਕਾਰ ਪੰਡਿਤ ਰਵੀ ਸ਼ੰਕਰ, ਉਸਤਾਦ ਵਲੈਤ ਖਾਂ, ਉਸਤਾਦ ਅੱਲਾ ਰੱਖਾ ਖਾਂ, ਉਸਤਾਦ ਅਲੀ ਅਕਬਰ ਖਾਂ, ਉਸਤਾਦ ਅਮਜਦ ਅਲੀ, ਰਾਜਨ ਮਿਸ਼ਰਾ-ਸਾਜਨ ਮਿਸ਼ਰਾ, ਪਦਮਸ੍ਰੀ ਸੋਹਣ ਸਿੰਘ, ਉਸਤਾਦ ਵਿਆਜ ਖਾਨ ਅਤੇ ਹੋਰ ਅਨੇਕਾਂ ਮੰਨੇ-ਪ੍ਰਮੰਨੇ ਕਲਾਕਾਰ ਗਾਹੇ-ਬਗਾਹੇ ਉਨ੍ਹਾਂ ਦੀ ਸੰਗਤ ਮਾਣਦੇ ਰਹੇ। ਉੱਘੇ ਸੰਗੀਤਕਾਰ ਬਿਰਜੂ ਮਹਾਰਾਜ ਨੇ ਉਨ੍ਹਾਂ ਤੋਂ ਦਸਮ ਪਾਤਸ਼ਾਹ ਦੀ ਇਸ ਰਚਨਾ ਨੂੰ ਹੋਰੀ ਰੰਗ ਵਿਚ ਸੁਣ ਕੇ ਅੱਗੋਂ ਅਨੇਕਾਂ ਵਾਰ ਗਾਇਆ :

'ਮਾਘ ਬਤੀਤ ਭਈ ਰੁੱਤ ਫਾਗਨ, ਆਇ ਗਈ ਸਭ ਖੇਲਤ ਹੋਰੀ'

ਉਨ੍ਹਾਂ ਦੇ ਗਾਏ ਸ਼ਬਦ 'ਹਉ ਭਈ ਦੀਵਾਨੀ ਆਵਲ ਬਾਵਲ' ਦੀ ਖਾਸ ਗੱਲ ਇਹ ਕਿ ਇਸ ਸ਼ਬਦ ਦੇ ਸਥਾਈ ਅਤੇ ਅੰਤਰੇ ਦੌਰਾਨ ਦਿਲਰੁਬਾ, ਸਿਤਾਰ, ਤਾਊਸ, ਤਬਲਾ ਪਖਾਵਜ, ਸਾਰੰਗੀ, ਤਾਰ ਸ਼ਹਿਨਾਈ ਸੰਤੂਰ ਬਾਂਸੁਰੀ ਆਦਿ ਅਨੇਕ ਸਾਜ਼ਾਂ ਦਾ ਵਾਦਨ ਮਨ ਬਿਰਤੀ ਨੂੰ ਖੇੜਾ ਪ੍ਰਦਾਨ ਕਰਦਾ ਹੈ। ਕਮਾਲ ਦੀ ਗੱਲ ਇਹ ਕਿ ਜਿਨ੍ਹਾਂ ਦੇ ਖਾਨਦਾਨ ਵਿਚ ਸੰਗੀਤ ਨਾਂਅ ਦੀ ਕੋਈ ਚੀਜ਼ ਹੀ ਨਹੀਂ ਸੀ, ਉਨ੍ਹਾਂ ਨੂੰ ਉਨ੍ਹਾਂ ਨੇ ਜਗਤ ਪ੍ਰਸਿੱਧ ਕਲਾਕਾਰ ਅਤੇ ਕੀਰਤਨੀਏ ਬਣਾ ਦਿੱਤਾ।

ਇਥੇ ਅਸੀਂ ਉਨ੍ਹਾਂ ਦੀ ਦੇਣ ਵਜੋਂ ਤਿਆਰ ਕੀਤੇ ਜਥਿਆਂ ਦਾ 3 ਹਿੱਸਿਆਂ ਵਿਚ ਵਰਗੀਕਰਨ ਕਰਦੇ ਹਾਂ। ਪਹਿਲੀ ਪੀੜ੍ਹੀ ਵਿਚ ਉਸਤਾਦ ਹਰਭਜਨ ਸਿੰਘ, ਉਸਤਾਦ ਗੁਰਦੇਵ ਸਿੰਘ, ਦੂਜੀ ਪੀੜ੍ਹੀ ਵਿਚ ਉਸਤਾਦ ਬਲਜੀਤ ਸਿੰਘ, ਮੋਹਨ ਸਿੰਘ, ਸੁਖਦੇਵ ਸਿੰਘ ਅਤੇ ਨਾਮਵਰ ਤਬਲਾਵਾਦਕ ਸੁਖਵਿੰਦਰ ਸਿੰਘ ਪਿੰਕੀ ਅਤੇ ਤੀਜੀ ਪੀੜ੍ਹੀ ਵਿਚ ਭਾਈ ਬਲਜੀਤ ਸਿੰਘ, ਗੁਰਦੀਪ ਸਿੰਘ, ਭਾਈ ਬਲਵੰਤ ਸਿੰਘ ਘੁੱਲਾ, ਭਾਈ ਹਰਿੰਦਰ ਸਿੰਘ ਅਤੇ ਭਾਈ ਦਵਿੰਦਰ ਸਿੰਘ ਆਉਂਦੇ ਹਨ। ਪ੍ਰਸਿੱਧ ਕੀਰਤਨਕਾਰ ਅਤੇ ਲੋਕ-ਸੰਗੀਤ ਦੇ ਉੱਚ ਕੋਟੀ ਦੇ ਕਲਾਕਾਰ ਗੁਰਦੇਵ ਸਿੰਘ ਕੋਇਲ ਵੀ ਸ੍ਰੀ ਭੈਣੀ ਸਾਹਿਬ ਦੀ ਦੇਣ ਹਨ।



ਬਾਬਾ ਜਗਜੀਤ ਸਿੰਘ

ਅੱਜ ਦੇ ਸਮੇਂ ਦੌਰਾਨ ਉਪਰੋਕਤ ਸਾਰੇ ਨਾਮਧਾਰੀ ਜਥੇ ਜੀਵਨ ਦੀਆਂ ਸਭੇ ਸੁੱਖ ਸਹੂਲਤਾਂ, ਇੱਜ਼ਤ ਅਤੇ ਸ਼ੁਹਰਤ ਮਾਣ ਰਹੇ ਹਨ। ਨਾਮਧਾਰੀ ਗੁਰਮਤਿ ਸੰਗੀਤ ਵਿਦਿਆਲੇ ਤੋਂ ਸਿੱਖਿਅਤ ਅਨੇਕਾਂ ਵਿਦਿਆਰਥੀਆਂ ਨੇ ਗੁਰਮਤਿ ਸੰਗੀਤ ਵਿਚ ਉੱਚੇਰੀਆਂ ਡਿਗਰੀਆਂ ਹਾਸਲ ਕੀਤੀਆਂ ਅਤੇ ਚੰਗੀ ਗੱਲ ਇਹ ਕਿ ਗੁਰੂ ਦੀ ਕੀਰਤੀ ਨੂੰ ਵੀ ਗਾਇਨ ਕਰਨਾ ਆਪਣੇ ਜੀਵਨ ਦਾ ਅਭਿੰਨ ਅੰਗ ਬਣਾਇਆ ਹੋਇਆ ਹੈ। ਅੱਜ ਜਦੋਂ ਕਿ ਗੁਰਮਤਿ ਸੰਗੀਤ ਦੀ ਪੁਰਾਤਨ ਸ਼ੈਲੀ ਨੂੰ ਬਹੁਤ ਢਾਅ ਲੱਗ ਰਹੀ ਹੈ ਅਤੇ ਇਕੋ ਢਾਲ, ਕਹਿਰਵੇ ਦਾ ਹੀ ਬੋਲਬਾਲਾ ਹੈ, ਤਾਂ ਤਸੱਲੀ ਵਾਲੀ ਗੱਲ ਇਹ ਹੈ ਕਿ ਨਾਮਧਾਰੀ ਸਿੰਘਾਂ ਦੇ ਰਾਗੀ ਜਥੇ ਉਸ ਮਾਣਮੱਤੀ ਪਰੰਪਰਾ ਉੱਤੇ ਪੂਰੀ ਸਾਬਤ ਕਦਮੀ, ਭੈਅ-ਭਾਵਨਾ ਅਤੇ ਗੁਰੂ-ਘਰ ਨੂੰ ਸਮਰਪਿਤ ਹੋ ਕੇ ਪਹਿਰਾ ਦੇ ਰਹੇ ਹਨ। ਨਾਮਧਾਰੀ ਜਥੇ ਆਸਾ ਦੀ ਵਾਰ ਨੂੰ ਗੁਰੂ ਪਰੰਪਰਾ ਮੁਤਾਬਕ ਟੁੰਡੇ ਅਸਰਾਜੇ ਕੀ ਧੁਨੀ ਉੱਪਰ ਹੀ ਗਾਇਨ ਕਰਦੇ ਹਨ। ਮੌਜੂਦਾ ਗੱਦੀਨਸ਼ੀਨ ਬਾਬਾ ਉਦੈ ਸਿੰਘ ਵੀ ਗੁਰਮਤਿ ਸੰਗੀਤ ਪ੍ਰਤੀ ਬਹੁਤ ਸੰਜੀਦਾ ਉਪਰਾਲੇ ਕਰ ਰਹੇ ਹਨ।

(ਇਤਿਹਾਸਕ ਹਵਾਲਾ : ਸੰਤ ਹਰਪਾਲ ਸਿੰਘ (ਸੇਵਕ ਸ੍ਰੀ ਭੈਣੀ ਸਾਹਿਬ) ਨਾਲ ਵਿਸ਼ੇ ਸਬੰਧੀ ਗੱਲਬਾਤ) (ਸਮਾਪਤ)

-ਮੈਂਬਰ, ਕੀਰਤਨ ਸਬ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
ਮੋਬਾ: 98154-61710

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

200 ਰੁਪਏ ਅਤੇ 10 ਰੁਪਏ ਦਾ ਕਰੰਸੀ ਸਿੱਕਾ ਜਾਰੀ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ, ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ, ਭਾਰਤ ਸਰਕਾਰ ਵੱਲੋਂ, 200 ਰੁਪਏ ਅਤੇ 10 ਰੁਪਏ ਦਾ ਕਰੰਸੀ ਸਿੱਕਾ ਜਾਰੀ ਕੀਤਾ ਗਿਆ ਹੈ।

ਸਿੱਕੇ ਲੈਣ ਲਈ ਸੰਪਰਕ ਕਰੋ, 98722-13113

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ

ਸਾਹਿਬੇ-ਕਮਾਲ, ਸਰਬੰਸ ਦਾਨੀ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ

ਮਿਤੀ - 2 ਜਨਵਰੀ 2020 ਨੂੰ ਦਿਨ ਵੀਰਵਾਰ,
ਸਮਾਂ ਸ਼ਾਮ 5 ਤੋਂ 8, ਗੁਰਦੁਆਰਾ ਸ੍ਰੀ ਭੈਣੀ ਸਾਹਿਬ

ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।
ਆਪ ਸਭ ਇਸ ਪਾਵਨ ਮੌਕੇ ਤੇ ਆਪਣੀ ਹਾਜ਼ਰੀ ਜਰੂਰ ਭਰੋ
ਅਤੇ ਆਪਣਾ ਜੀਵਨ ਸਫਲਾ ਕਰੋ ਜੀ।

ਸ੍ਰੀ ਸਤਿਗੁਰ ਰਾਮ ਸਿੰਘ ਜੀ ਸਹਾਇ

ਸਾਹਿਬੇ ਕਮਾਲ, ਸਰਬੰਸ ਦਾਨੀ
ਸਾਹਿਬ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ

ਪ੍ਰਕਾਸ਼ ਪੁਰਬ ਮੇਲਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ

2 ਜਨਵਰੀ 2020, ਦਿਨ ਵੀਰਵਾਰ ਸ਼ਾਮ 5 ਤੋਂ 8 ਵਜੇ

ਗੁਰਦੁਆਰਾ ਸ੍ਰੀ ਭੈਣੀ ਸਾਹਿਬ, ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ

ਪ੍ਰੋਗਰਾਮ

ਕਵਿਸ਼ਰੀ, ਲੈਕਚਰ, ਦੀਵਾਨ ਅਤੇ ਕਵਿਤਾ

ਵਕਤੇ:

- ਜਸਵੰਤ ਸਿੰਘ “ਮਸਤ”
- ਭਜਨ ਸਿੰਘ
- ਗੁਰਲਾਲ ਸਿੰਘ
- ਕਮਾਲ ਸਿੰਘ
- ਗੁਰਬਚਨ ਸਿੰਘ ਚੰਡੀਗੜ੍ਹ
- ਸੰਤ ਨਿਸ਼ਾਨ ਸਿੰਘ

ਵੱਲੋਂ- ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਭੈਣੀ ਸਾਹਿਬ



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ

Online ਗੁਰਬਾਣੀ ਸੰਥਿਆ

ਹੁਣ ਸ਼ੁਰੂ ਕਰ ਦਿੱਤੀ ਗਈ ਹੈ।

- ਸਮਾਂ - ਸ਼ਾਮ 8 ਵਜੇ ਤੋਂ ਸੰਥਿਆ ਸ਼ੁਰੂ ਕੀਤੀ ਜਾਵੇਗੀ (ਭਾਰਤੀ ਸਮੇਂ ਅਨੁਸਾਰ)।
- ਇਹ ਕਲਾਸ ਇਕ ਮੋਬਾਇਲ ਐਪ ਰਾਹੀਂ ਕੀਤੀ ਜਾਵੇਗੀ, ਜਿਸਦਾ ਨਾਮ ਹੈ **"ZOOM Cloud Meeting"**.
- ਕਲਾਸ ਵਿਚ ਹਿੱਸਾ ਲੈਣ ਲਈ ਆਪ ਜੀ ਨੂੰ ਇਹ ਮੋਬਾਇਲ ਐਪ ਡਾਊਨਲੋਡ ਕਰਨਾ ਪਵੇਗਾ।
- ਐਪ ਵਿਚ ਆਪ ਜੀ ਨੂੰ "4204090122" **Meeting ID** ਭਰਨੀ ਪਵੇਗੀ, ਉਪਰੰਤ ਕਲਾਸ ਸ਼ੁਰੂ ਹੋ ਜਾਵੇਗੀ

ਕਲਾਸ ਲੈਣ ਲਈ ਪਹਿਲਾਂ ਆਪਣਾ ਨਾਮ ਜਰੂਰ ਦਰਜ ਕਰਾਓ ਜੀ –

ਰਾਗੀ ਸ਼ਾਮ ਸਿੰਘ ਜੀ (94653 52700), ਹਰਕੀਰਤ ਸਿੰਘ (94630 10382)

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ
ਨਾਮਧਾਰੀ ਸ਼ਹੀਦੀ ਜੋੜ ਮੇਲਾ

ਪਰਮ ਪੂਜਯ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਦੀ ਪਾਵਨ ਹਜ਼ੂਰੀ ਵਿਚ

4 ਮਾਘ 2076 ਬ੍ਰਿ: ਮੁਤਾਬਿਕ
17 ਜਨਵਰੀ, 2020 ਦਿਨ ਸ਼ੁੱਕਰਵਾਰ,
ਸਥਾਨ - ਨਾਮਧਾਰੀ ਸ਼ਹੀਦੀ ਸਮਾਰਕ, ਮਲੇਰਕੋਟਲਾ



ਸਤਿਗੁਰੂ ਸੱਚੇ ਪਾਤਸ਼ਾਹ ਜੀ

ਆਪ ਜੀ ਦੇ ਚਰਨਾਂ ਵਿੱਚ ਪ੍ਰਾਰਥਨਾ ਹੈ ਸਭ ਦਾ ਧਰਮ ਬਣਿਆ ਰਹੇ।
ਆਪ ਜੀ ਦੀ ਕਿਰਪਾ ਨਾਲੁ ਨਾਮੁ-ਦਾਨ, ਸਿੱਖੀ ਦਾਨ, ਭਰੋਸਾ ਦਾਨ,
ਸ਼ਰਧਾ ਦਾ ਦਾਨ, ਸ਼ਕਤੀ ਦਾ ਦਾਨ, ਗੁਰਸਿੱਖੀ ਦਾ ਦਾਨ ਬੱਖਸ਼ੋ ਜੀ।

ਏਹ ਸਾਲ ੨੦੧੯ ਆਪ ਜੀ ਦੀ ਕਿਰਤਾ ਨਾਲ, ਆਪ ਜੀ ਦੇ ਭਰੋਸੇ ਬੀਤਿਆ ਹੈ,
ਆਉਣ ਵਾਲਾ ਸਾਲ ੨੦੨੦ ਆਪ ਜੀ ਦਾ ਹੀ ਸਾਥ, ਆਸਰਾ ਮੰਗਦੇ ਹਾਂ ਜੀ।

Satguru Sache Patshah Ji

This is our ardaas to your holy feet that please keep our religion safe forever. Please bless us with the ability to chant Naam Simran, to always be in Sikhi, to forever have faith on your discourses, always believe in you, and bless us with Gursikhi ji.

2019 were spent with your trust, with your blessings. In 2020, we seek for you to be with us at all times, and we seek for your shelter.



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਤਹੀ ਪ੍ਰਕਾਸ ਹਮਾਰਾ ਭਯੋ ॥ ਪਟਨਾ ਸਹਰ ਬਿਖੈ ਭਵ ਲਯੋ ॥

ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪ੍ਰਵਾਨਗੀ ਅਤੇ ਕਿਰਪਾ ਬਖਸ਼ਿਸ਼ ਸਦਕਾ

ਸਾਹਿਬੇ-ਕਮਾਲ, ਸਰਬੰਸ ਦਾਨੀ, ਖਾਲਸਾ ਪੰਥ ਦੇ ਸਿਰਜਣਹਾਰ



ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ
ਪ੍ਰਕਾਸ਼ ਪੁਰਬ ਸਮਾਗਮ

ਮਿਤੀ : 5 ਜਨਵਰੀ 2020 ਦਿਨ ਐਤਵਾਰ ਨੂੰ

ਨਾਮਧਾਰੀ ਧਰਮਸ਼ਾਲਾ, ਬਸਤੀ ਭੂਰੇ ਖਾਂ, ਪ੍ਰੀਤ ਨਗਰ, ਜਲੰਧਰ

ਵਿੱਖੇ ਨਾਮਧਾਰੀ ਵਿਦਿਅਕ ਜਥਾ ਜਲੰਧਰ ਵਲੋਂ ਨਾਮਧਾਰੀ ਇਸਤਰੀ ਵਿਦਿਅਕ ਜਥਾ
ਅਤੇ ਸਮੂਹ ਨਾਮਧਾਰੀ ਸੰਗਤ ਜਲੰਧਰ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਸਤਿਕਾਰ ਪੂਰਵਕ ਮਨਾਇਆ ਜਾ ਰਿਹਾ ਹੈ।
ਆਪ ਜੀ ਪਰਿਵਾਰ ਸਹਿਤ ਇਸ ਸਮਾਗਮ ਵਿੱਚ ਹਾਜ਼ਰੀ ਭਰ ਕੇ ਸ੍ਰੀ ਸਤਿਗੁਰੂ ਜੀ ਦੀਆਂ ਬਖਸ਼ਿਸ਼ਾ ਦੇ ਪਾਤਰ ਬਣੋ ਜੀ।

ਆਸਾ ਦੀ ਵਾਰ : ਸਵੇਰੇ 5:30 ਤੋਂ 7:30 ਵਜੇ ਤੱਕ
(ਜਥੇਦਾਰ ਸੰਤ ਬਲਬੀਰ ਸਿੰਘ ਜੀ ਅਤੇ ਸਥਾਨਕ ਜਥੇ ਵਲੋਂ)

ਸ਼ਬਦ-ਕੀਰਤਨ : ਸਵੇਰੇ 7:30 ਵਜੇ ਤੋਂ 8:00 ਤੱਕ
(ਨਾਮਧਾਰੀ ਇਸਤਰੀ ਵਿਦਿਅਕ ਜਥਾ ਵਲੋਂ)

ਹੱਲੇ ਦਾ ਦੀਵਾਨ : ਸਵੇਰੇ 8:00 ਤੋਂ 10:00 ਵਜੇ ਤੱਕ
(ਜਥੇਦਾਰ ਸੂਬਾ ਸੰਦੀਪ ਸਿੰਘ ਜੀ 'ਕਰੀਵਾਲਾ' ਵਲੋਂ)

ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਬੇਨਤੀ ਕਰਤਾ : ਨਾਮਧਾਰੀ ਵਿਦਿਅਕ ਜਥਾ ਜਲੰਧਰ

ਸਹਿਯੋਗ : ਸਮੂਹ ਨਾਮਧਾਰੀ ਸੰਗਤ ਜਲੰਧਰ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

Sangeet Baithak

In the divine presence of Satguru Uday Singh Ji

Sri Nilimesh Chakarborty (Tabla Solo)



21 January 2020, Tuesday, Evening

Gurudwara Sri Bhaini Sahib, Ludhiana, Punjab

Live on www.sribhainisahib.com,

Namdhari TV app, Sri Bhaini Sahib App

ਸ੍ਰੀ ਸਤਿਗੁਰੂ ਉਦੈ ਸਿੰਘ ਜੀ

ਦੀ ਰਹਿਨੁਮਾਈ ਹੇਠ

ਸੰਨ 1872 ਵਿੱਚ ਬਰਤਾਨਵੀ ਸ਼ਾਸਨ ਵਿਰੁੱਧ ਵਿਦਰੋਹ
ਕਾਰਨ ਤੋਪਾਂ ਨਾਲ ਸ਼ਹੀਦ ਕੀਤੇ ਗਏ

66 ਸਿੱਖ ਕੂਕਾ ਸ਼ਹੀਦਾਂ

ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ **ਨਾਮਧਾਰੀ ਕੂਕਾ ਸ਼ਹੀਦੀ ਦਿਵਸ** ਮੌਕੇ

ਰਾਜ ਪੱਧਰੀ ਸਮਾਗਮ

ਕਰਵਾਇਆ ਜਾ ਰਿਹਾ ਹੈ।

---- ਪ੍ਰੋਗਰਾਮ ----

17 ਜਨਵਰੀ, 2020 । ਸਮਾਂ: ਸਵੇਰੇ 11:00 ਵਜੇ
ਨਾਮਧਾਰੀ ਸ਼ਹੀਦੀ ਯਾਦਗਾਰ, ਮਾਲੇਰਕੋਟਲਾ

ਪੰਜਾਬ ਦੇ ਮੁੱਖ ਮੰਤਰੀ

ਕੈਪਟਨ ਅਮਰਿੰਦਰ ਸਿੰਘ

ਭਾਰਤ ਦੇ ਆਜ਼ਾਦੀ ਸੰਗਰਾਮ ਦੌਰਾਨ
ਅਹਿਮ ਯੋਗਦਾਨ ਪਾਉਣ ਵਾਲੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ
ਭੇਟ ਕਰਨ ਲਈ ਅਗਵਾਈ ਕਰਨਗੇ।



ਸ. ਬਲਬੀਰ ਸਿੰਘ ਸਿੱਧੂ

ਸਿਹਤ ਤੇ ਪਰਿਵਾਰ ਭਲਾਈ ਅਤੇ ਕਿਰਤ ਮੰਤਰੀ

ਹੋਰਨਾਂ ਕੈਬਨਿਟ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ ਅਤੇ
ਪ੍ਰਮੁੱਖ ਆਗੂਆਂ ਸਣੇ ਸਮਾਗਮ ਵਿੱਚ ਸ਼ਾਮਲ ਹੋਣਗੇ।

ਆਪ ਸਭ ਨੂੰ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਹੈ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਦੀਵੇ ਪਰ ਜਿਉਂ ਆਇ ਪਤੰਗੇ, ਤਿਉਂ ਤੋਪਨ ਦਿਸ ਜਾਇ ਨਿਸੰਗੇ॥
ਇਹ ਸਿੰਘਨ ਜੀ ਰੀਤੀ ਵਰ ਹੈ, ਸਸਤ੍ਰਨ ਕੀ ਮ੍ਰਿਤ ਤੇ ਨਹਿ ਡਰਿ ਹੈਂ॥

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ

66 ਨਾਮਧਾਰੀ ਸ਼ਹੀਦ ਸਿੰਘਾਂ ਦੀ ਯਾਦ ਵਿੱਚ



ਰਾਜ-ਪੱਧਰੀ ਸ਼ਹੀਦੀ ਸਮਾਗਮ

ਮਿਤੀ : 17 ਜਨਵਰੀ 2020

ਸਥਾਨ : ਨਾਮਧਾਰੀ ਸ਼ਹੀਦੀ ਸਮਾਰਕ, ਮਲੇਰਕੋਟਲਾ



ਸ੍ਰੀ ਸਤਿਗੁਰੂ ਰਾਮ ਸਿੰਘ ਜੀ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥



ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ
ਨਾਮਧਾਰੀ ਸ਼ਹੀਦੀ ਜੋੜ ਮੇਲਾ

ਪਰਮ ਪੂਜਯ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਦੀ ਪਾਵਨ ਹਜ਼ੂਰੀ ਵਿਚ

4 ਮਾਘ 2076 ਬ੍ਰਿ: ਮੁਤਾਬਿਕ

17 ਜਨਵਰੀ, 2020 ਦਿਨ ਸ਼ੁੱਕਰਵਾਰ,

ਸਥਾਨ - ਨਾਮਧਾਰੀ ਸ਼ਹੀਦੀ ਸਮਾਰਕ, ਮਲੇਰਕੋਟਲਾ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਿਕਾਰਯੋਗ ਸਾਧਸੰਗਤ ਜੀ ਆਦਰ ਅਤੇ ਸਤਿਕਾਰ ਸਹਿਤ
ਬੇਨਤੀ ਕੀਤੀ ਜਾਂਦੀ ਹੈ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਦਿਹਾੜੇ

ਨੂੰ ਸਮਰਪਿਤ

ਮੇਲਾ ਬਸੰਤ ਪੰਚਮੀ

ਪਰਮ ਪੂਜਯ

ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਦੀ ਹਜ਼ੂਰੀ ਵਿੱਚ ਪਿੰਡ ਸੰਤਨਗਰ (ਸਥਾਨ : ਪ੍ਰਤਾਪ ਮੰਦਿਰ) ਇਲਾਕਾ ਸ੍ਰੀ ਜੀਵਨ ਨਗਰ ਵਿਖੇ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਗੁਰਬਾਣੀ ਕੀਰਤਨ , ਦੀਵਾਨ ਅਤੇ ਵਿਦਵਾਨਾਂ ਦੇ ਵਿਖਿਆਨ ਹੋਣਗੇ। ਆਪ ਸਭ ਨੂੰ ਇਸ ਮੇਲੇ ਵਿੱਚ ਹਾਜ਼ਰ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ ।

ਪ੍ਰੋਗਰਾਮ

28 ਜਨਵਰੀ 2020, ਦਿਨ ਮੰਗਲਵਾਰ

ਆਸਾ ਦੀ ਵਾਰ .... ਸਵੇਰੇ: 05:00 ਤੋਂ 07:00 ਵਜੇ ਤੱਕ
ਦੀਵਾਨ ਦੀ ਅਰੰਭਤਾ .... ਸਵੇਰੇ: 10:00 ਵਜੇ
ਨਾਮ ਸਿਮਰਨ .... ਦੁਪਹਿਰ: 01:00 ਤੋਂ 02:00 ਵਜੇ ਤੱਕ

ਪਾਠਾ ਦੇ ਭੋਗ ਉਪਰੰਤ ਮੇਲੇ ਦੀ ਸਮਾਪਤੀ

ਸਥਾਨ : ਪ੍ਰਤਾਪ ਮੰਦਿਰ, ਸੰਤਨਗਰ

ਵੱਲੋਂ

ਵੱਲੋਂ ਸਮੂਹ ਸਾਧਸੰਗਤ, ਸੰਤਨਗਰ

98134-73510, 94671-01953, 98968-12247

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਾਰਤ ਦੀ ਜ਼ੰਗ-ਏ-ਆਜ਼ਾਦੀ ਦੇ ਮੋਢੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ

204ਵੇਂ ਪ੍ਰਕਾਸ਼-ਪੁਰਬ ਤੇ ਮਹਾਨ ਬਸੰਤ ਪੰਚਮੀ



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ

ਪਾਵਨ-ਪਵਿੱਤਰ ਹਜ਼ੂਰੀ ਵਿੱਚ

ਕੈਪਟਨ ਅਮਰਿੰਦਰ ਸਿੰਘ (ਮੁੱਖ ਮੰਤਰੀ, ਪੰਜਾਬ)

ਦੀ ਯੋਗ ਅਗਵਾਈ ਹੇਠ

ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ, ਸੰਸਦ ਮੈਂਬਰ, ਵਿਧਾਇਕ, ਸਿਆਸੀ ਆਗੂ, ਆਜ਼ਾਦੀ ਘੁਲਾਟੀਏ, ਸੰਤ ਸਮਾਜ ਅਤੇ ਹੋਰ ਸੰਪਰਦਾਵਾਂ ਦੇ ਮੁਖੀ ਇਸ ਸਮਾਗਮ ਵਿੱਚ ਪੁੱਜ ਰਹੇ ਹਨ।

ਰਾਜ ਪੱਧਰੀ ਸਮਾਗਮ

30 ਜਨਵਰੀ 2020, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ।



ਸ੍ਰੀ ਸਤਿਗੁਰੂ ਹਰਿ ਰਾਇ ਜੀ ਦੇ ਪ੍ਰਕਾਸ਼ ਪੁਰਬ ਤੇ ਸਾਧ-ਸੰਗਤ ਨੂੰ ਲੱਖ-ਲੱਖ ਵਧਾਈਆਂ

ਵੱਲੋ: ਵਿਸ਼ਵ ਨਾਮਧਾਰੀ ਸੰਗਤ

ਸ੍ਰੀ ਭੈਣੀ ਸਾਹਿਬ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 100ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ

ਸ਼ੁੱਧ ਗੁਰਬਾਣੀ ਉਚਾਰਨ ਪ੍ਰਤੀਯੋਗਤਾ

ਉਮਰ ੧੫ ਤੋਂ ੨੫ ਸਾਲ (ਲੜਕੇ ਤੇ ਲੜਕੀਆਂ ਦੋਵੇਂ)

ਅਕਾਲ ਉਸਤਤ ਪਾ: ੧੦ ਵੀਂ

ਭੂਮਿ ਕੇ ਬਸੱਯਾ ਤਾਹਿ ਭੂ ਚਰੀ ਕੇ ਜੱਯਾ ਕਹੈ ਨਭ ਕੇ ਉਡੱਯਾ ਸੋ ਚਿਰੱਯਾ ਕੈ ਬਖਾਨੀਐ ॥ ਫਲ ਕੇ ਭਛੱਯਾ ਤਾਹਿ ਬਾਂਦਰੀ ਕੇ ਜੱਯਾ ਕਹੈ ਆਦਿਸ ਫਿਰੱਯਾ ਤੇ ਤੋ ਭੂਤ ਕੈ ਪਛਾਨੀਐ ॥ ਜਲ ਕੇ ਤਰੱਯਾ ਕੋ ਗੰਗੇਰੀ ਸੀ ਕਹਤ ਜਗ ਆਗ ਕੇ ਭਛੱਯਾ ਸੋ ਚਕੋਰ ਸਮ ਮਾਨੀਐ ॥ ਸੂਰਜ ਸਿਵੱਯਾ ਤਾਹਿ ਕੌਲ ਕੀ ਬਡੱਯਾ ਦੇਤ ਚੰਦ੍ਰਮਾ ਸਿਵੱਯਾ ਕੌ ਕਵੀ ਕੈ ਪਹਿਚਾਨੀਐ ॥੩॥੭੩॥

ਨੋਟ: ਪ੍ਰਤੀਯੋਗੀ ਉਪਰੋਕਤ ਦਸਮ ਬਾਣੀ ਦੀਆਂ ਪੰਕਤੀਆਂ ਦਾ ਉਚਾਰਣ ਕਰਕੇ ਵੀਡੀਓ ਬਣਾਉਣ ਵੇਲੇ ਧਿਆਨ ਦੇਣ ਕਿ ਆਵਾਜ ਸਪੱਸ਼ਟ ਹੋਣੀ ਚਾਹੀਦੀ ਹੈ । ਇਹ ਵੀਡੀਓ ਵਿਸ਼ਵ ਨਾਮਧਾਰੀ ਵਿੱਦਿਅਕ ਜਥਾ ਦੇ ਪੇਜ ਤੇ ਪਾਈ ਜਾਵੇਗੀ ਤੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਣਗੇ । ਆਪਣੀ ਅਪਲੋਡ ਹੋਈ ਵੀਡੀਓ ਦਾ ਲਿੰਕ ਸੰਭਾਲਕੇ ਰੱਖਣਾ ਜਰੂਰੀ ਹੋਵੇਗਾ।

ਗੁਰਮੀਤ ਸਿੰਘ 'ਚਾਨਾ'
ਸੇਵਾਦਾਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ
ਸ੍ਰੀ ਭੈਣੀ ਸਾਹਿਬ

ਵੀਡੀਓ ਭੇਜਣ ਵਾਸਤੇ ਨੰਬਰ 98153-77811 (ਸੁਖਵਿੰਦਰ ਸਿੰਘ ਲਾਇਲ)

ਆਖਰੀ ਤਾਰੀਖ 5 ਜੂਨ 2020 ਸ਼ਾਮ 8 ਵਜੇ ਤੱਕ।

ਪ੍ਰਤੀਯੋਗੀ ਧਿਆਨ ਦੇਣ, 5 ਜੂਨ ਤੋਂ ਬਾਅਦ ਆਈ ਵੀਡੀਓ ਪ੍ਰਵਾਨ ਨਹੀਂ ਕੀਤੀ ਜਾਵੇਗੀ।

An Initiative by Vishav Namdhari Vidyak Jatha, Sri Bhaini Sahib



1st CENTENARY
1920–2020

Online Quiz Contest

05 July 2020

10:00 - 11:00 AM IST

Mrs. Lakhwinder Kaur
+91 8872027252
+91 7973227808

Syllabus:

1. Parkash Punj Part -1 (till page 156)
2. Saga of Satguru Jagjit Singh Ji (till page no.50)

Note

Participants have to fill up google form for pre registration.

Quiz will be bilingual (English & Punjabi).

Links of books mentioned in syllabus are available on www.sribhainisahib.com/ebooks.html this contest will be conducted on monthly basis.

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਾਰਤ ਦੀ ਜ਼ੰਗ-ਏ-ਆਜ਼ਾਦੀ ਦੇ ਮੋਢੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ

204ਵੇਂ ਪ੍ਰਕਾਸ਼-ਪੁਰਬ ਤੇ ਮਹਾਨ ਬਸੰਤ ਪੰਚਮੀ



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ

ਪਾਵਨ-ਪਵਿੱਤਰ ਹਜ਼ੂਰੀ ਵਿੱਚ

ਕੈਪਟਨ ਅਮਰਿੰਦਰ ਸਿੰਘ (ਮੁੱਖ ਮੰਤਰੀ, ਪੰਜਾਬ)

ਦੀ ਯੋਗ ਅਗਵਾਈ ਹੇਠ

ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ, ਸੰਸਦ ਮੈਂਬਰ, ਵਿਧਾਇਕ, ਸਿਆਸੀ ਆਗੂ, ਆਜ਼ਾਦੀ ਘੁਲਾਟੀਏ, ਸੰਤ ਸਮਾਜ ਅਤੇ ਹੋਰ ਸੰਪਰਦਾਵਾਂ ਦੇ ਮੁਖੀ ਇਸ ਸਮਾਗਮ ਵਿੱਚ ਪੁੱਜ ਰਹੇ ਹਨ।

ਰਾਜ ਪੱਧਰੀ ਸਮਾਗਮ

30 ਜਨਵਰੀ 2020, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭੋਗ ਅਤੇ ਅੰਤਿਮ ਅਰਦਾਸ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਖੁਸ਼ੀਆਂ ਦੇ ਪਾਤਰ ਮਾਤਾ ਗੁਰਸ਼ਰਨ ਕੌਰ ਜੀ (ਸੁਪਤਨੀ ਸਵ. ਸ. ਸਰਦੂਲ ਸਿੰਘ ਜੀ) ਜੋ ਕਿ ਮਿਤੀ 20 ਜਨਵਰੀ, 2020 ਦਿਨ ਸੋਮਵਾਰ ਨੂੰ ਇਸ ਆਸਾਰ ਮਾਤਲੋਕ ਨੂੰ ਤਿਆਗ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦੇ ਨਮਿਤ ਰੱਖੇ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ

ਮਿਤੀ 25 ਜਨਵਰੀ, 2020 ਦਿਨ ਸ਼ਨੀਵਾਰ ਦੁਪਹਿਰ 10:00 ਵਜੇ ਤੋਂ 12:00 ਵਜੇ ਤੱਕ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ

ਨਾਮਧਾਰੀ ਸ਼ਹੀਦੀ ਸਮਾਰਕ

ਜੇਲ੍ਹ ਰੋਡ, ਨੇੜੇ ਸਿਵਲ ਹਸਪਤਾਲ, ਫੀਲਡ ਗੰਜ ਲੁਧਿਆਣਾ ਵਿਖੇ ਪਵੇਗਾ।
ਆਪ ਜੀ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ

ਬੇਨਤੀ ਕਰਤਾ :

ਅਜੀਤ ਸਿੰਘ ਨਾਮਧਾਰੀ - 85588-34681, 82888-00666

ਸਤਿਗੁਰੂ ਜਗਜੀਤ ਸਿੰਘ ਲਾਇਬ੍ਰੇਰੀ, ਸ੍ਰੀ ਭੈਣੀ ਸਾਹਿਬ, ਲੁਧਿਆਣਾ ਵਿਖੇ

ਯੋਗ ਲਾਇਬ੍ਰੇਰੀਅਨ ਦੀ ਜਰੂਰਤ ਹੈ।

- ❑ ਉਮੀਦਵਾਰ ਨੂੰ ਲਾਇਬ੍ਰੇਰੀਅਨ ਹੋਣ ਦੇ ਨਾਲ-ਨਾਲ ਕੰਪਿਊਟਰ ਦੀ ਚੰਗੀ ਜਾਣਕਾਰੀ ਹੋਵੇ।
- ❑ ਲਾਇਬ੍ਰੇਰੀ ਨੂੰ Digital ਕਰਨ ਦੀ ਮੁਹਾਰਤ ਵੀ ਰੱਖਦਾ ਹੋਵੇ।
- ❑ ਪੰਜਾਬੀ ਦੇ ਨਾਲ-ਨਾਲ ਅੰਗਰੇਜੀ ਭਾਸ਼ਾ ਵਿਚ ਵੀ ਮੁਹਾਰਤ ਰੱਖਦਾ ਹੋਵੇ ਅਤੇ
- ❑ ਪੱਤਰ ਵਿਹਾਰ ਕਰ ਸਕਦਾ ਹੋਵੇ।

ਯੋਗ ਉਮੀਦਵਾਰ ਆਪਣਾ Bio Data ਹੇਠ ਲਿਖੀ Email ID ਤੇ ਭੇਜ ਸਕਦੇ ਹਨ ।

Email – vnvj@gsbs.in , ਸੰਪਰਕ: 94630-10382

Bio Data ਭੇਜਣ ਦੀ ਆਖਰੀ ਮਿਤੀ 29 ਫਰਵਰੀ 2020

ਡਾਕਟਰ-ਡੇਅ ਮੌਕੇ ਸਤਿਗੁਰੂ ਉਦੇ ਸਿੰਘ ਜੀ ਨੇ ਦਿੱਤਾ ਐੱਸ. ਪੀ. ਐੱਸ. ਹਸਪਤਾਲ ਦੇ ਸਟਾਫ ਨੂੰ ਆਸ਼ੀਰਵਾਦ

ਲਗਾਤਾਰ ਲੂਜ਼ ਮੋਸ਼ਨ ਲੱਗਦੇ ਹਨ ਤਾਂ ਹੋ ਸਕਦਾ ਕੋਰੋਨਾ : ਡਾ. ਗੁਰਪ੍ਰੀਤ

ਲੁਧਿਆਣਾ, 1 ਜੁਲਾਈ (ਜ.ਬ.)- ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ (ਐੱਸ. ਪੀ. ਐੱਸ.) ਵਿਖੇ ਡਾਕਟਰ-ਡੇਅ ਮੌਕੇ ਸਤਿਗੁਰੂ ਉਦੇ ਸਿੰਘ ਜੀ ਉਚੇਚੇ ਤੌਰ 'ਤੇ ਪੁੱਜੇ ਤੇ ਸਟਾਫ ਨੂੰ ਆਸ਼ੀਰਵਾਦ ਦਿੱਤਾ, ਜਿੱਥੇ ਉਨ੍ਹਾਂ ਇਸ ਮੌਕੇ ਡਾਕਟਰਾਂ ਨੂੰ ਵਧਾਈ ਦਿੱਤੀ ਤੇ ਹੋਰ ਲਗਨ ਨਾਲ ਮਰੀਜ਼ਾਂ ਦੀ ਸੇਵਾ ਕਰਨ ਲਈ ਕਿਹਾ ਉਥੇ ਮਰੀਜ਼ਾਂ ਦੀ ਤੰਦਰੁਸਤ ਦੀ ਕਾਮਨਾ ਵੀ ਕੀਤੀ।



ਡਾਕਟਰ ਡੇਅ ਮੌਕੇ ਐੱਸ. ਪੀ. ਐੱਸ. ਹਸਪਤਾਲ ਵਿਖੇ ਆਸ਼ੀਰਵਾਦ ਦਿੰਦੇ ਸਤਿਗੁਰੂ ਉਦੇ ਸਿੰਘ ਜੀ, ਨਾਲ ਐੱਮ. ਡੀ. ਜੇ ਸਿੰਘ ਸੰਧੂ ਨਜ਼ਰ ਆ ਰਹੇ ਹਨ।

ਐੱਮ. ਡੀ. ਜੇ. ਸਿੰਘ ਸੰਧੂ ਨੇ ਸਤਿਗੁਰੂ ਜੀ ਦਾ ਹਸਪਤਾਲ ਪੁੱਜਣ 'ਤੇ ਸਵਾਗਤ ਕੀਤਾ। ਓ. ਐੱਸ. ਡੀ. ਗੁਰਦਰਸ਼ਨ ਮਾਨ ਨੇ ਦੱਸਿਆ ਐੱਸ. ਪੀ. ਐੱਸ. ਹਸਪਤਾਲ ਵਿਖੇ ਗੋਡਿਆਂ ਦੇ ਬਦਲਣ ਦਾ ਕੈਂਪ 22 ਜੂਨ ਤੋਂ ਚੱਲ ਰਿਹਾ ਜੋ 31 ਜੁਲਾਈ ਤਕ ਚੱਲੇਗਾ। ਮਾਹਰ ਡਾਕਟਰਾਂ ਵੱਲੋਂ ਸ਼ਾਨਦਾਰ ਕੁਆਲਿਟੀ ਦਾ ਇੰਪੋਰਟਿਡ ਇਪਲਾਂਟ ਪੈਕੇਜ 'ਚ ਬਹੁਤ ਘੱਟ ਰੇਟ 'ਤੇ ਗੋਡੇ ਬਦਲੇ ਜਾ ਰਹੇ ਹਨ। ਡਾ. ਗੁਰਪ੍ਰੀਤ ਸਿੰਘ ਨੇ ਦੱਸਿਆ ਜੇ ਕਿਸੇ ਵਿਅਕਤੀ ਨੂੰ ਲਗਾਤਾਰ ਤਿੰਨ ਦਿਨ ਲੂਜ਼ ਮੋਸ਼ਨ ਰਹਿੰਦੇ ਹਨ ਤਾਂ ਉਸ ਨੂੰ ਕੋਰੋਨਾ ਟੈਸਟ ਲਾਜ਼ਮੀ ਕਰਾਉਣਾ ਚਾਹੀਦਾ ਹੈ। ਡਾਕਟਰ ਨੇ ਦੱਸਿਆ ਕਿ ਜਿਸ ਤਰ੍ਹਾਂ ਕੋਰੋਨਾ ਮਰੀਜ਼ਾਂ 'ਚ ਲੱਛਣ ਜਿਵੇਂ ਬੁਖਾਰ ਹੋਣਾ, ਸਰੀਰ ਦਰਦ, ਘਬਰਾਹਟ, ਖਾਂਸੀ-ਜ਼ੁਕਾਮ ਤੇ ਸਾਹ ਦਾ ਔਖਾ ਹੋਣਾ ਪਾਏ ਜਾਂਦੇ ਹਨ। ਅੱਜ ਕਲ ਆ ਰਹੇ ਕੋਰੋਨਾ ਮਰੀਜ਼ਾਂ 'ਚ ਲੂਜ਼ ਮੋਸ਼ਨ ਦੇ ਲੱਛਣ ਜ਼ਿਆਦਾ ਪਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਐੱਸ. ਪੀ. ਐੱਸ. ਹਸਪਤਾਲ ਵਿਖੇ ਕੋਰੋਨਾ ਲਈ ਵੱਖਰਾ ਵਾਰਡ ਬਣਾਇਆ ਗਿਆ ਹੈ। ਇਸ ਮੌਕੇ ਸੀ. ਐੱਸ. ਓ. ਸਤਨਾਮ ਸਿੰਘ ਤੇ ਲਖਵੀਰ ਬੱਦੋਵਾਲ ਮੌਜੂਦ ਸਨ।

550th
ਪ੍ਰਕਾਸ਼ ਪੁਰਬ 1469-2019

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸੱਦਾ ਪੱਤਰ

100ਵਾਂ
ਪ੍ਰਕਾਸ਼ ਪੁਰਬ 1920-2020





ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ (ਬਸੰਤ ਪੰਚਮੀ)
ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 100ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

ਗੁਰਮਤਿ ਕੀਰਤਨ ਦਰਬਾਰ

ਮਿਤੀ 2 ਫਰਵਰੀ, 2020 ਦਿਨ ਐਤਵਾਰ । ਸ਼ਾਮ 5:00 ਵਜੇ ਤੋਂ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ

ਸਥਾਨ : **ਬਾਬਾ ਗੁਰਮੁਖ ਸਿੰਘ ਹਾਲ**
ਰਾਮਗੜ੍ਹੀਆ ਕਾਲਜ, ਮਿਲਰ ਗੰਜ, ਲੁਧਿਆਣਾ

ਸਮੂਹ ਪਰਿਵਾਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ ।

ਗੁਰੂ ਕੇ ਕੀਰਤਨੀਏ

- ਰਾਗੀ ਬਲਵੰਤ ਸਿੰਘ ਨਾਮਧਾਰੀ
- ਡਾ. ਨਿਵੇਦਿਤਾ ਸਿੰਘ
- ਬੀਬੀ ਅਵਤਾਰ ਕੌਰ
- ਨਾਮਧਾਰੀ ਕਲਾ ਕੇਂਦਰ ਦੇ ਸਿਖਿਆਰਥੀ

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ ।

ਵੱਲੋਂ : ਵਿਸ਼ਵ ਨਾਮਧਾਰੀ ਸੰਗਤ ਲੁਧਿਆਣਾ (ਸ੍ਰੀ ਭੈਣੀ ਸਾਹਿਬ)

ਮੋ.: 98765-37000, 98767-07197, 98158-80400, 98140-00398, 98140-23636

550th
ਪ੍ਰਕਾਸ਼ ਪੁਰਬ 1469-2019

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

100 ਵਾਂ
ਪ੍ਰਕਾਸ਼ ਪੁਰਬ 1920-2020



ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ (ਬਸੰਤ ਪੰਚਮੀ) ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 100ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ





ਗੁਰਮਤਿ ਕੀਰਤਨ ਦਰਬਾਰ

ਮਿਤੀ 2 ਫਰਵਰੀ, 2020 ਦਿਨ ਐਤਵਾਰ | ਸ਼ਾਮ 5:00 ਵਜੇ ਤੋਂ





ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ

ਸਥਾਨ : ਬਾਬਾ ਗੁਰਮੁਖ ਸਿੰਘ ਹਾਲ

ਰਾਮਗੜ੍ਹੀਆ ਕਾਲਜ, ਮਿਲਰ ਗੰਜ, ਲੁਧਿਆਣਾ

ਸਮੂਹ ਪਰਿਵਾਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ


ਰਾਗੀ ਬਲਵੰਤ ਸਿੰਘ ਨਾਮਧਾਰੀ


ਡਾ. ਨਿਵੇਦਿਤਾ ਸਿੰਘ


ਸ. ਹਰਪ੍ਰੀਤ ਸਿੰਘ ਨਾਮਧਾਰੀ


ਬੀਬੀ ਅਵਤਾਰ ਕੌਰ


ਵੱਲੋਂ : ਵਿਸ਼ਵ ਨਾਮਧਾਰੀ ਸੰਗਤ ਲੁਧਿਆਣਾ (ਸ੍ਰੀ ਭੈਣੀ ਸਾਹਿਬ)

ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ : 98765-37000, 98767-07197, 98158-80400

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਖੁਸ਼ੀਆਂ ਦੇ ਪਾਤਰ ਸੰਤ ਸਤਪਾਲ ਸਿੰਘ ਜੀ ਸਪੁੱਤਰ ਸਵ. ਸੰਤ ਤਰਲੋਕ ਸਿੰਘ ਜੀ ਜੋ ਕਿ ਮਿਤੀ 12 ਫਰਵਰੀ, 2020 ਦਿਨ ਬੁੱਧਵਾਰ ਨੂੰ ਇਸ ਆਸਾਰ ਮਾਤਲੋਕ ਨੂੰ ਤਿਆਗ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ । ਉਹਨਾਂ ਦਾ

ਅੰਤਿਮ ਸੰਸਕਾਰ

ਮਿਤੀ 13 ਫਰਵਰੀ, 2020 ਦਿਨ ਵੀਰਵਾਰ ਸ਼ਾਮ 4 ਵਜੇ

ਸ਼ਮਸ਼ਾਨ ਘਾਟ, ਪਿੱਛੇ ਗੁਰਦੁਆਰਾ ਕੁਟੀਆ ਸਾਹਿਬ, ਜਮਾਲਪੁਰ, ਲੁਧਿਆਣਾ ਵਿਖੇ ਹੋਵੇਗਾ ।

ਸੰਪਰਕ ਨੰ. 99148-89992, 98729-10000, 79863-97077

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੂਰਜਾ ਪੂਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੂ ॥੨॥੨॥



ਸਾਹਿਬਜ਼ਾਦਾ ਅਜੀਤ ਸਿੰਘ ਜੀ

ਦੇ

ਜਨਮ ਦਿਹਾੜੇ ਦੀਆਂ


ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

www.sribhainisahib.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭੋਗ ਅਤੇ ਅੰਤਿਮ ਅਰਦਾਸ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਖੁਸ਼ੀਆਂ ਦੇ ਪਾਤਰ ਸੰਤ ਸਤਪਾਲ ਸਿੰਘ ਜੀ ਸਪੁੱਤਰ ਸਵ. ਸੰਤ ਤਰਲੋਕ ਸਿੰਘ ਜੀ ਜੋ ਕਿ ਮਿਤੀ 12 ਫਰਵਾਰੀ, 2020 ਦਿਨ ਬੁੱਧਵਾਰ ਨੂੰ ਇਸ ਆਸਾਰ ਮਾਤਲੋਕ ਨੂੰ ਤਿਆਗ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ । ਉਹਨਾਂ ਦੇ ਨਮਿਤ ਰੱਖੇ

ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੇ ਸ੍ਰੀ ਸਧਾਰਨ ਪਾਠ ਦਾ ਭੋਗ

ਮਿਤੀ 16 ਫਰਵਰੀ, 2020 ਦਿਨ ਐਤਵਾਰ ਦੁਪਹਿਰ 12:00 ਵਜੇ ਤੋਂ 2:00 ਵਜੇ ਤੱਕ

ਗੁਰਦੁਆਰਾ ਨਾਮਧਾਰੀ ਸ਼ਹੀਦੀ ਸਮਾਰਕ

ਜੇਲ੍ਹ ਰੋਡ, ਨੇੜੇ ਸਿਵਲ ਹਸਪਤਾਲ, ਫੀਲਡ ਗੰਜ ਲੁਧਿਆਣਾ ਵਿਖੇ ਪਵੇਗਾ ।

ਸੂਬਾ ਸੰਦੀਪ ਸਿੰਘ ਜੀ 'ਕਰੀਵਾਲਾ'

ਆਪਣੇ ਜਥੇ ਨਾਲ ਦੀਵਾਨ ਲਗਾਉਣਗੇ । ਸਮੂਹ ਸਾਧ ਸੰਗਤ ਦਰਸ਼ਨ ਦਿਉ ਜੀ

ਸੰਪਰਕ ਨੰਬਰ : 99148-89992, 98729-10000, 79863-97077

SPS ACADEMY

Admissions Open for 2020

Pre Nursery to class 12th

Education is our passport to the future. For tomorrow belongs to the people who prepare it today.



Hostel facility available

E-mail :Admissions@spsa.ac.in,
Website : www.spsa.ac.in
V.P.O Sri Bhaini Sahib, Ludhiana 141126

+91-9876382032

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਜੰਗ-ਏ-ਆਜ਼ਾਦੀ ਦੇ ਮੋਢੀ, ਨਾ-ਮਿਲਵਰਤਨ ਲਹਿਰ ਦੇ ਬਾਨੀ,
ਗਊ ਗਰੀਬ ਦੇ ਰੱਖਿਅਕ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ
204ਵਾਂ ਪ੍ਰਕਾਸ਼ ਪੁਰਬ
ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ



ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਪਾਵਨ ਹਜ਼ੂਰੀ ਵਿੱਚ ਨਾਮਧਾਰੀ ਸਾਧ ਸੰਗਤ ਬਟਾਲਾ ਵੱਲੋਂ
ਮਿਤੀ 26-02-2020 ਨੂੰ ਮਨਾਇਆ ਜਾ ਰਿਹਾ ਹੈ।

ਸਥਾਨ: ਸ਼ਾਸਤਰੀ ਨਗਰ, ਸਾਹਮਣੇ ਇੰਮਪਰੂਵਮੈਂਟ ਟਰੱਸਟ ਦਫਤਰ, ਬਟਾਲਾ

ਬੇਨਤੀ ਕਰਤਾ : ਸਮੂਹ ਨਾਮਧਾਰੀ ਸਾਧ ਸੰਗਤ ਬਟਾਲਾ

ਸੰਪਰਕ: 78379-81331, 98152-64081, 98762-29456, 98725-54359, 99882-18230



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਿਗੁਰੂ ਬਾਲਕ ਸਿੰਘ ਜੀ ਦੇ 235ਵੇਂ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੰ ਲੱਖ-ਲੱਖ ਵਧਾਈਆਂ।

ਵੱਲੋਂ - ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਭੈਣੀ ਸਾਹਿਬ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਹੁਕਮ - ਸ੍ਰੀ ਸਤਿਗੁਰੂ ਉਦੇ ਸਿੰਘ ਜੀ

9 ਤੋਂ 12 ਤਰੀਕ ਤੱਕ ਚੌਪਈ ਪਾ:੧੦ ਦੇ 50 ਪਾਠ

ਹਰ ਇਕ ਨਾਮਧਾਰੀ ਸਰੀਰ

ਵਿਸ਼ਵ ਸ਼ਾਂਤੀ ਲਈ ਜ਼ਰੂਰ ਕਰੇ ਜੀ ।

("ਚੌਪਈ ਪਾ:੧੦ ਪੁਨਿ ਰਾਛਸ ਕਾ ਕਾਟਾ ਸੀਸਾ" ਤੋਂ ਲੈ ਕੇ "ਮਸਤੁ ਸੁਭ ਮਸਤੁ" ਤੱਕ)

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 100ਵੇਂ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ
ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ

ਹੋਲਾ ਮਹੱਲਾ 2020 ਦੌਰਾਨ

੧੦੦ ਹਵਨ ਯੱਗ

ਮਿਤੀ: 10 ਮਾਰਚ 2020, ਦਿਨ ਮੰਗਲਵਾਰ,

ਸਮਾਂ: ਅੰਮ੍ਰਿਤ ਵੇਲੇ ਸਵੇਰੇ 4 ਵਜੇ

ਹਵਨ ਦਾ ਸਥਾਨ: ਹਵਨ ਮੰਡਪ, ਨੇੜੇ ਰਾਮ ਸਰੋਵਰ, ਸ੍ਰੀ ਭੈਣੀ ਸਾਹਿਬ

-ਸਮੂਹ ਵਿਦਿਅਕ ਜਥਿਆਂ ਦੇ ਨੌਜਵਾਨ ਤੇ ਸਾਧ ਸੰਗਤ ਇਸ ਵਿਚ ਵੱਧ ਤੋਂ ਵੱਧ ਸ਼ਾਮਲ ਹੋਣ।
-ਸੋਧ ਮਰਿਆਦਾ ਦੇ ਧਾਰਨੀ ਹੋ ਕੇ ਹਿੱਸਾ ਪਾਓ ਜੀ, ਸਵੇਰੇ 2-3 ਵਜੇ ਅੰਮ੍ਰਿਤ ਛਕਾਇਆ ਜਾਵੇਗਾ।
-ਆਪਣੇ ਸੋਧ ਦੇ ਬਸਤਰ, ਗੁਟਕੇ, (ਹਵਨ ਲਈ ਸਫਾਜੰਗ ਅਤੇ ਕਮਰਕੱਸੇ), ਆਸਣ, ਮਾਲਾ ਨਾਲ ਲੈ ਕੇ ਆਓ ਜੀ।

ਸੰਪਰਕ: 98153-77811, 94177-15380

ਵੱਲੋਂ- ਵਿਸ਼ਵ ਨਾਮਧਾਰੀ ਵਿਦਿਅਕ ਜਥਾ ਅਤੇ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥਾ

ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ

ਬਖਸ਼ਿਸ਼ ਸਦਕਾ ਹੋਲਾ ਮਹੱਲਾ ੨੦੨੦ ਦੌਰਾਨ

ਵਿਸ਼ਵ ਸ਼ਾਂਤੀ ਲਈ ਸਮੁੱਚੀ ਨਾਮਧਾਰੀ ਸੰਗਤ ਵੱਲੋਂ

ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਚੌਪਈ ਪਾ:੧੦ ਦੇ

3 ਲੱਖ ਪਾਠਾਂ ਦੇ ਭੋਗ ਪਾਏ ਗਏ।

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ

"ਗੁਰਬਾਣੀ ਪਾਠ ਬੋਧ ਸਮਾਗਮ"



ਸ੍ਰੀ ਸਤਿਗੁਰੂ ਉਦੇ ਸਿੰਘ ਜੀ

20 ਤੋਂ 26 ਮਾਰਚ 2020, ਸੰਤ ਨਗਰ, ਸਿਰਸਾ (ਹਰਿਆਣਾ)

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਿਕਾਰ ਯੋਗ ਸਾਧ ਸੰਗਤ ਜੀ
ਜਿਵੇਂ ਕੀ ਆਪ ਸਭ ਜਾਣਦੇ ਹੋ ਕਿ ਇਸ ਸਮੇਂ
ਪੂਰੇ ਸੰਸਾਰ ਵਿਚ "ਕੋਰੋਨਾ ਵਾਇਰਸ" ਨਾਮਕ ਮਹਾਮਾਰੀ ਨੇ
ਇਕ ਬਹੁਤ ਵੱਡਾ ਡਰ ਦਾ ਮਾਹੌਲ ਬਣਾਇਆ ਹੋਇਆ ਹੈ।
ਇਸ ਮਾਹੌਲ ਨੂੰ ਦੇਖਦੇ ਹੋਏ,

ਗਰੀਬ ਨਿਵਾਜ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਹੁਕਮ
ਹੋਇਆ ਹੈ ਕਿ ਹਰ ਇਕ ਨਾਮਧਾਰੀ ਸਿੱਖ
ਪੂਰੇ 40 ਦਿਨ;

- 2 ਘੰਟੇ ਨਾਮ ਸਿਮਰਨ
- 1 ਮਾਲਾ ਭਗਉਤੀ ਦੀ ਜਰੂਰ ਕਰੇ।

ਅਤੇ ਸਤਿਗੁਰੂ ਜੀ ਦੇ ਚਰਨਾਂ'ਚ ਅਰਦਾਸ ਕਰੇ ਕੀ
ਇਹ ਮਹਾਂਮਾਰੀ ਜਲਦੀ ਤੋਂ ਜਲਦੀ ਖ਼ਤਮ ਹੋਵੇ ਅਤੇ
ਸੰਸਾਰ ਵਿਚ ਸ਼ਾਂਤੀ ਬਹਾਲ ਹੋਵੇ ।

ਆਪ ਸਭ, ਮਿਤੀ 26 ਮਾਰਚ 2020, ਦਿਨ ਵੀਰਵਾਰ ਤੋਂ
ਇਸ ਵਡਮੁੱਲੇ ਕਾਰਜ ਦੀ ਸ਼ੁਰੂਆਤ ਕਰ ਸਕਦੇ ਹੋ।

ਬੇਨਤੀ ਕਰਤਾ
ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਭੈਣੀ ਸਾਹਿਬ।

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥
ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥

Seek His Shelter, O my mind; there is no other as Great as He. Remembering Him in meditation, a profound peace is obtained. Pain and suffering will not touch you at all.
- Siree Raag

IMPORTANT NOTICE

Dear Saadh Sangat,

As per **Sri Satguru Uday Singh Ji's Hukam**, we would be grateful for your participation in:

40 Days of Daily

- **2 hours Naam Simran**
- **Bhagauti Ji Di Mala**

From: Thursday 26th March 2020
To: Monday 4th May 2020
from the comfort of your own homes

Concluding with an Ardas in Sri Satguru Ji's Pavitar Charan to Bless The World with Sukh Shanti & Good Health during this difficult period.

Thanking you all for your kindness

ਬੇਨਤੀ ਕਰਤਾ
ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਭੈਣੀ ਸਾਹਿਬ

ਅੰਮ੍ਰਿਤ ਬਚਨ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸਤਿਗੁਰੂ ਦੀਆਂ ਖੁਸ਼ੀਆਂ



ਸਭ ਤੋਂ ਵੱਡੀਆਂ ਸਤਿਗੁਰਾਂ ਦੀਆਂ ਖੁਸ਼ੀਆਂ - ਜੇ ਗਰੀਬ ਦੇ ਮੂੰਹ ਅੰਨ ਪਵੇ, ਜੇ ਨੰਗੇ ਨੂੰ ਕੱਪੜਾ ਮਿਲ ਜਾਏ, ਜੇ ਕਿਸੇ ਗਰੀਬ ਦਾ ਕਾਰਜ ਸਰ ਜਾਏ।

ਜਰੂਰੀ ਸੂਚਨਾ

ਸਤਿਕਾਰ ਯੋਗ ਸਾਧ ਸੰਗਤ ਜੀ, ਜਿੱਥੇ-ਜਿੱਥੇ ਵੀ ਨਾਮਧਾਰੀ ਸੰਗਤ, ਲੋੜਵੰਦਾਂ ਨੂੰ ਲੰਗਰ ਛਕਾ ਰਹੀ ਹੈ, ਰਾਸ਼ਨ ਵੰਡ ਰਹੀ ਹੈ, ਜਾਂ ਕੋਈ ਹੋਰ ਸੇਵਾ ਕਰ ਰਹੀ ਹੈ। ਉਹ ਕਿਰਪਾ ਕਰਕੇ, ਉਸਦਾ ਵੇਰਵਾ, ਤਸਵੀਰਾਂ ਸਮੇਤ ਸਾਨੂੰ ਭੇਜੋ ਜੀ।

ਸੰਪਰਕ: 9815377811 (ਸੁਖਵਿੰਦਰ ਸਿੰਘ ਲਾਇਲ)

NAMDHARI
SIKH SANGAT

ੴ


ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਗੁਰੂ ਤੇਗ ਬਹਾਦਰ ਸਿਮਰਿਐ। ਘਰ ਨਉ ਨਿਧਿ ਆਵੈ ਧਾਇ॥



ਹਿੰਦ ਦੀ ਚਾਦਰ ਧੰਨ ਧੰਨ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਦੇ
ਪ੍ਰਕਾਸ਼ ਪੁਰਬ
ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਇਆਂ ਹੋਣ ਜੀ

www.sribhainisahib.com


NAMDHARI
SIKHS
Happy
Vaisakhi
ਵਿਸਾਖੀ ਦੀ ਵਧਾਈ
- — April 13, 2020 —-

VISHAV NAMDHARI SANGAT
SRI BHAINI SAHIB

"ਜਦੋਂ ਅਸੀਂ ਇਹ ਖੌਫ ਰੱਖਦੇ ਹਾਂ ਕਿ
ਸਾਡਾ ਸਤਿਗੁਰੂ ਸਾਡੇ ਨਾਲ ਹੈ
ਫੇਰ ਸਾਥੋਂ ਗਲਤੀ ਹੁੰਦੀ ਹੀ ਨਹੀਂ"

ਸ੍ਰੀ ਸਤਿਗੁਰੂ ਉਦੇ ਸਿੰਘ ਜੀ

(ਵਿਦਿਅਕ ਸੰਮੇਲਨ 2019, ਸ੍ਰੀ ਭੈਣੀ ਸਾਹਿਬ)



ਵਿਸ਼ਵ
ਨਾਮਧਾਰੀ
ਵਿਦਿਅਕ
ਜਥਾ

International Online

Art Competition

on Prevent the Spread of

CORONAVIRUS

The COVID-19 Pandemic around the world has taken the world by storm touching the lives of every human being on Earth! Bringing out the best and worst of human emotions--empathy, sympathy, kindness, concern, anger, frustration, social cohesiveness and bravery among others. People around the world have been expressing these feelings through, Paintings and Drawing!

Vishwa Namdhari Vidyak Jatha with its focus on building cultural links with countries around the world and connecting people to people through Cultural and Educational exchanges, calls on Namdhari boys and girls of the world to express these emotions - through Art in the Time of CORONA : Prevent the Spread COVID-19 (Coronavirus).

Entry Open from : 10 th May, 2020

Entry Closed on : 25 th May, 2020

Participation category-

Junior : 10 to 15 Years

Senior : 16+ Years

any Language

Honour

For selected Artists

1. Digital Certificate (Jpeg Format)
2. Digital Catalogue (PDF Format)
3. Online Exhibition
(on www.sribhainisahib.com)

For Participants

1. Participation Certificate to All



Interested artists can send their images of latest artworks on
r.s.saggu@gmail.com

For more information Call or Whatsapp @
09463453891 I 09815377811

VISHAV
NAMDHARI SANGAT
SRI BHAINI SAHIB

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥

O Guru Amar Das, Your Glorious Virtues are so sublime;
Your Praises belong only to You.



541ਵਾਂ ਪ੍ਰਕਾਸ਼ ਪੁਰਬ ਦਿਵਸ ਸ੍ਰੀ ਗੁਰੂ ਅਮਰ ਦਾਸ ਜੀ

541st Parkash Purab of Sri Guru Amar Das Ji

www.sribhainisahib.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਬੇਰ ਗਿਆਰ੍ਹਵੀਂ ਹਮ ਜਬ ਆਵਹਿੰ । ਤਾਂ ਤੇ ਕੋਇਕ ਹਮ ਲਖ ਪਾਵਹਿ ।

When I appear in the eleventh reincarnation, then only few will comprehend me.

208 ਵਾਂ
ਗੁਰਗੱਦੀ ਦਿਵਸ
ਸ੍ਰੀ ਸਤਿਗੁਰੂ ਬਾਲਕ ਸਿੰਘ ਜੀ

208th
Gurgaddi Divas of
Sri Satguru Balak Singh Ji



NAMDHARI SIKHS

ਵਿਸ਼ਵ
ਨਾਮਧਾਰੀ
ਵਿਦਿਅਕ
ਜਥਾ

ਵਿਸ਼ਵ ਪੱਧਰੀ ਓਨਲਾਈਨ

ਚਿੱਤਰ-ਕਲਾ ਪ੍ਰਤਿਯੋਗਿਤਾ

ਵਿਸ਼ਾ
ਕੋਰੋਨਾਵਾਇਰਸ ਦੇ ਅਸਰ ਜਾਂ ਸਾਵਧਾਨੀਆਂ

ਪੇਟਿੰਗ ਜਾਂ ਡਰਾਇੰਗ ਜਮ੍ਹਾਂ ਕਰਵਾਉਣ ਦਾ ਸਮਾਂ
10 ਮਈ 2020 ਤੋਂ 25 ਮਈ 2020 ਤੱਕ

ਉਮਰ ਵਰਗ

ਜੂਨੀਅਰ : 10 ਤੋਂ 15 ਸਾਲ
ਸੀਨੀਅਰ : 16 ਸਾਲ +

ਕਿਸੇ ਵੀ ਭਾਸ਼ਾ ਵਿੱਚ

ਕੋਵਿਡ-੧੯ ਵਿਸ਼ਵਵਿਆਪੀ ਮਹਾਂਮਾਰੀ ਨੇ ਧਰਤੀ ਉੱਤੇ ਹਰ ਮਨੁੱਖ ਦੀ ਜਿੰਦਗੀ ਨੂੰ ਬੜੀ ਹੀ ਤੇਜੀ ਨਾਲ ਆਪਣੀ ਜਕੜਨ ਵਿੱਚ ਲੈ ਲਿਆ ਹੈ। ਦੁਨੀਆਂ ਭਰ ਦੇ ਲੋਕ ਆਪਣੀ **ਪੇਟਿੰਗਸ ਅਤੇ ਡਰਾਇੰਗ** ਦੁਆਰਾ ਮਨੁੱਖੀ ਭਾਵਨਾਵਾਂ ਜਿਵੇਂ - ਹਮਦਰਦੀ, ਦਿਆਲਤਾ, ਚਿੰਤਾ, ਗੁੱਸਾ, ਨਿਰਾਸ਼ਾ, ਆਪਸ ਵਿੱਚ ਸਮਾਜਕ ਤਾਲਮੇਲ, ਬਹਾਦਰੀ, ਸਭ ਤੋਂ ਵਧੀਆ ਅਤੇ ਭੈੜੇ ਨੂੰ ਬਾਹਰ ਲਿਆਉਣ ਦਾ ਚਿਤਰਣ ਕਰ ਰਹੇ ਹਨ।

ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਇਸ ਦੇ ਨਾਲ ਦੁਨੀਆ ਭਰ ਦੇ ਦੇਸ਼ਾ ਨਾਲ ਸਭਿਆਚਾਰਕ ਸੰਬੰਧ ਬਣਾਉਣ ਅਤੇ ਜੁੜਨ ਤੇ ਧਿਆਨ ਕੇਂਦ੍ਰਿਤ ਕਰਦੇ ਹੋਏ ਨਾਮਧਾਰੀ ਨੌਜਵਾਨਾਂ ਅਤੇ ਬੀਬੀਆਂ ਨੂੰ ਉਹਨਾਂ ਦੀ ਕਲਾ ਦੁਆਰਾ ਲੋਕ ਸਭਿਆਚਾਰਕ ਅਤੇ ਵਿਦਿਅਕ ਵਟਾਂਦਰੇ ਵਾਸਤੇ ਸੱਦਾ ਦਿੰਦਾ ਹੈ, ਤਾਂ ਜੋ ਉਹ ਇਸ ਮਹਾਂਮਾਰੀ ਦੇ ਸਮੇਂ ਵਿੱਚ ਆਪਣੀ ਕਲਾ ਦੇ ਜ਼ਰੀਏ ਮਨੁੱਖੀ ਭਾਵਨਾਵਾਂ ਜ਼ਾਹਰ ਕਰ ਸਕਣ।
ਕੋਵਿਡ-੧੯ (ਕੋਰੋਨਾਵਾਇਰਸ) ਨੂੰ ਫੈਲਣ ਤੋਂ ਰੋਕੋ

ਸਨਮਾਨ

ਚੁਣੇ ਗਏ ਕਲਾਕਾਰਾਂ ਲਈ
1. ਡਿਜੀਟਲ ਸਰਟੀਫਿਕੇਟ (Jpeg Format)
2. ਡਿਜੀਟਲ ਕੈਟਾਲਗ (PDF Format)
3. ਓਨਲਾਈਨ ਪ੍ਰਦਰਸ਼ਨੀ (on www.sribhainisahib.com)

ਭਾਗ ਲੈਣ ਵਾਲੇ ਸਾਰੇ ਕਲਾਕਾਰਾਂ ਲਈ
1. ਸਭ ਲਈ ਭਾਗੀਦਾਰੀ ਸਰਟੀਫਿਕੇਟ



ਚਾਹਵਾਨ ਕਲਾਕਾਰ ਆਪਣੇ
1. ਕੰਮ ਦੀ ਸਾਫ ਕਾਪੀ
2. ਨਾਮ, ਉਮਰ, ਵਿਦਿਅਕ ਜਥੇ ਦਾ ਨਾਮ
ਇਸ ਮੇਲ ਤੇ ਭੇਜ ਸਕਦੇ ਹਨ
r.s.saggu@gmail.com

ਹੋਰ ਸੂਚਨਾ ਵਾਸਤੇ ਸੰਪਰਕ ਜਾਂ Whatsapp ਕਰੋ
09463453891 I 09815377811

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਬੇਰ ਗਿਆਰ੍ਹਵੀਂ ਹਮ ਜਬ ਆਵਹਿੰ । ਤਾਂ ਤੇ ਕੋਇਕ ਹਮ ਲਖ ਪਾਵਹਿ ।

When I appear in the eleventh reincarnation, then only few will comprehend me.



208 ਵਾਂ ਗੁਰਗੱਦੀ ਦਿਵਸ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ

208th Gurgaddi Divas of Sri Satguru Balak Singh Ji

VISHAV NAMDHARI SANGAT SRI BHAINI SAHIB

ਦਸਤਾਰ - ਮੁਕਾਬਲੇ

ਉਮਰ-10 ਤੋਂ 15 ਸਾਲ (ਜੂਨੀਅਰ)
ਉਮਰ-16 ਤੋਂ 25 ਸਾਲ (ਸੀਨੀਅਰ)

ਨੋਟ-

-ਸਮਾਂ 3 ਤੋਂ 4 ਮਿੰਟ।

-ਬਿਨਾਂ ਰੁਕੇ,ਬਗੈਰ ਕੱਟ ਤੋਂ ਵੀਡੀਓ ਬਣਵਾ ਕੇ ਭੇਜੋ।

-ਜੂੜੇ ਵਿੱਚ ਕੰਘਾ ਕਿਰਪਾਨ ਵਾਲਾ ਲੱਗਿਆ ਹੋਵੇ।

-ਦਸਤਾਰ ਮੂੰਹ ਵਿੱਚ ਨਹੀਂ ਪਾਉਣੀ।

-ਦਸਤਾਰ ਪਹਿਲੋਂ ਹੀ ਚਿਣੀ ਹੋਵੇ।

-ਬਿਨਾਂ ਸ਼ੀਸ਼ੇ ਦੇ ਦਸਤਾਰ ਸਜਾਓ।

-ਵੀਡੀਓ ਭੇਜਣ ਲੱਗੇ ਆਪਣਾ ਨਾਮ,ਮਾਤਾ/ਪਿਤਾ ਤੇ ਜਥੇ ਦਾ ਨਾਮ ਲਿਖੋ।

-ਆਪਣੀ ਉਮਰ ਵੀ ਨਾਲ ਲਿਖ ਭੇਜੋ।

-ਆਖਰੀ ਤਾਰੀਖ ਦੋਵਾਂ ਵਰਗਾ ਵਾਸਤੇ (20 ਮਈ 2020) ਸਮਾਂ ਰਾਤ 8 ਵਜੇ ਤਕ।

ਭੇਜਣ ਦਾ ਤਰੀਕਾ:-

+919815377811

(ਸੁਖਵਿੰਦਰ ਸਿੰਘ ਲਾਇਲ)

(ਵਲੋਂ:-ਵਿਸ਼ਵ ਨਾਮਧਾਰੀ ਵਿਦਿਅਕ ਜਥਾ ਸ੍ਰੀ ਭੈਣੀ ਸਾਹਿਬ)

VISHAV
NAMDHARI SANGAT
SRI BHAINI SAHIB

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥

The God-conscious being is the Creator of all the world.
The God-conscious being lives forever, and does not die.



ਜੋਤੀ ਜੋਤਿ ਦਿਵਸ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ

Jyoti Jot Diwas of Sri Satguru Gobind Singh Ji

ਵਿਰਾਸਤ ਬਿਓਰੋ

ਸ੍ਰੀ ਗੁਰੂ ਅਰਜਨ ਦੇਵ ਜੀ



ਸ਼ਹੀਦਾਂ ਦੇ ਸਿਰਤਾਜ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ ਗੁਰੂ ਸਾਹਿਬ ਜੀ ਦੀ ਸ਼ਹਾਦਤ ਤੇ ਵਿਸ਼ੇਸ਼ ।

ਰਾਮਦਾਸਿ ਗੁਰੂ ਜਗ ਤਾਰਨ ਕਉ
ਗੁਰ ਜੋਤਿ ਅਰਜੁਨ ਮਾਹਿ ਧਰੀ॥੪॥ (ਪੰਨਾ : ੧੪੦੯)

ਗੁਰੂ ਦਾ ਵਿਅਕਤੀਤਵ ਮਨੁੱਖ ਦੀ ਸੋਚ ਦੀ ਵਿਸ਼ਾਲਤਾ ਤੋਂ ਵਿਸ਼ਾਲ, ਸੂਖ਼ਮਤਾ ਦੀ ਸਿਖ਼ਰ, ਅਧਿਆਤਮਵਾਦ ਦੀ ਚਰਮਸੀਮਾ ਹੈ।ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ, ਜਿਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ, ਨਿਮਰਤਾ ਦੇ ਪੁੰਜ, ਸਰਬਸਾਂਝੀਵਾਲਤਾ ਦੇ ਪ੍ਰਤੀਕ ਮੰਨਿਆ ਜਾਂਦਾ ਹੈ। ਭਾਈ ਨੰਦ ਲਾਲ ਜੀ ਲਿਖਦੇ ਹਨ :

ਗੁਰੂ ਅਰਜਨ ਆ ਜੁਮਲਾ ਜੁਦੋ ਫ਼ਜ਼ਾਲ॥
ਹਕੀਕਤ ਪਜ਼ੋਹਿੰਦਾਇ ਹੱਕ ਜਮਾਲ॥੦੪॥

ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਧਰਮਾਂ ਦੇ ਇਤਿਹਾਸ ਵਿਚ ਇਕ ਮਹਾਨ ਤੇ ਜੁਗ ਪਲਟਾਊ ਘਟਨਾ ਹੈ | ਇਹ ਸ਼ਹੀਦੀ ਮਨੁੱਖਤਾ ਦੇ ਇਤਿਹਾਸ ਵਿਚ ਇਨਕਲਾਬੀ ਮੋੜ ਦੀ ਸੂਚਕ ਹੋ ਨਿੱਬੜੀ | ਇਸ ਸ਼ਹਾਦਤ ਨੇ ਸਿੱਖਾਂ ਨੂੰ ਸਬਰ, ਸੰਤੋਖ ਤੇ ਦ੍ਰਿੜ੍ਹਤਾ ਨਾਲ ਆਪਣੇ ਹੱਕਾਂ ਦੀ ਰੱਖਿਆ ਕਰ ਸਕਣ ਦਾ ਚੱਜ ਸਿਖਾ ਕੇ ਸਿੱਖੀ ਦੇ ਮਹੱਲ ਦੀਆਂ ਨੀਹਾਂ ਨੂੰ ਐਸਾ ਪੱਕਾ ਤੇ ਮਜ਼ਬੂਤ ਕੀਤਾ ਕਿ ਆਉਣ ਵਾਲੇ ਸਮੇਂ ਵਿਚ ਜ਼ੁਲਮ ਦੇ ਝੱਖੜ ਇਸ ਦਾ ਕੁਝ ਨਾ ਵਿਗਾੜ ਸਕੇ | ਇਸ ਸ਼ਹਾਦਤ ਨੇ ਸਿੱਖ ਮਰਜੀਵੜਿਆਂ ਨੂੰ ਮਰਨ ਦੀ ਅਜਿਹੀ ਜਾਚ ਸਿਖਾਈ ਕਿ ਉਹ 'ਬਹੁਰਿ ਨ ਮਰਨਾ ਹੋਇ' ਦੇ ਲਕਸ਼ ਨੂੰ ਪ੍ਰਾਪਤ ਹੋ ਗਏ | ਇਸ ਸ਼ਹੀਦੀ ਨਾਲ ਸਿੱਖ ਇਤਿਹਾਸ ਵਿਚ ਸ਼ਹੀਦੀਆਂ ਦਾ ਨਵਾਂ ਅਧਿਆਇ ਆਰੰਭ ਹੋਇਆ |

ਸ਼ਹੀਦ ਦੀ ਸ਼ਹਾਦਤ ਹਮੇਸ਼ਾ ਸੱਚ ਵਾਸਤੇ ਹੁੰਦੀ ਹੈ, ਇਸ ਕਰਕੇ ਸੱਚ ਅਤੇ ਸ਼ਹਾਦਤ ਦਾ ਰਿਸ਼ਤਾ ਵੀ ਅਟੁੱਟ ਹੁੰਦਾ ਹੈ | ਸਿੱਖ ਧਰਮ ਵਿਚ ਸੱਚ 'ਤੇ ਚੱਲਣ ਦਾ ਮਾਰਗ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਜਾਗਰ ਕੀਤਾ ਸੀ ਅਤੇ ਨਾਲ ਇਹ ਵੀ ਸੱਦਾ ਦਿੱਤਾ ਸੀ-

ਜਉ ਤਉ ਪ੍ਰੇਮ ਖੇਲਣ ਕਾ ਚਾਉ''
ਸਿਰੁ ਧਰਿ ਤਲੀ ਗਲੀ ਮੇਰੀ ਆਉ''
ਇਤੁ ਮਾਰਗਿ ਪੈਰੁ ਧਰੀਜੈ''
ਸਿਰੁ ਦੀਜੈ ਕਾਣਿ ਨ ਕੀਜੈ'' (ਪੰਨਾ : ੧੪੧੨)

ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਅਸਲ ਕਾਰਨ ਬਾਦਸ਼ਾਹ ਦੀ ਧਾਰਮਿਕ ਕੱਟੜਤਾ ਤੇ ਤੰਗਦਿਲੀ ਸੀ | ਬਾਕੀ ਸਾਰੇ ਕਾਰਨ ਉਸ ਕੱਟੜਤਾ ਵਿਚ ਸਹਾਇਕ ਸਿੱਧ ਹੋਏ | ਅਸਲ ਵਿਚ ਜਹਾਂਗੀਰ ਮੌਕੇ ਦੀ ਭਾਲ ਵਿਚ ਸੀ ਕਿ ਕਦੋਂ ਕੋਈ ਬਹਾਨਾ ਮਿਲੇ ਤੇ ਉਹ ਸਿੱਖ ਲਹਿਰ ਨੂੰ ਖ਼ਤਮ ਕਰ ਦੇਵੇ | ਇਸ ਗੱਲ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ ਤੁਜ਼ਕਿ ਜਹਾਂਗੀਰੀ ਵਿਚ ਵੀ ਕਰਦਾ ਹੈ | 'ਤੁਜ਼ਕਿ ਜਹਾਂਗੀਰੀ' ਨੂੰ ਗਹੁ ਨਾਲ ਵਾਚਿਆਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦੀ ਸ਼ਹਾਦਤ ਜਹਾਂਗੀਰ ਦੀ ਧਾਰਮਿਕ ਕੱਟੜਤਾ ਦੀ ਨੀਤੀ ਦਾ ਵੀ ਇਕ ਅਹਿਮ ਕਾਰਨ ਸੀ | ਉਸ ਨੂੰ ਬਹਾਨੇ ਦੀ ਤਲਾਸ਼ ਸੀ ਅਤੇ ਉਹ ਉਸ ਨੂੰ ਖੁਸਰੋ ਦੀ ਬਗਾਵਤ ਵਿਚੋਂ ਮਿਲਿਆ | ਜਹਾਂਗੀਰ ਨੇ ਗੁਰੂ ਸਾਹਿਬ ਨੂੰ ਯਾਸਾ-ਏ-ਸਿਆਸਤ ਅਧੀਨ ਸਜ਼ਾ ਦਿੱਤੀ, ਜਿਸ ਤੋਂ ਭਾਵ ਹੈ ਕਿ ਤਸੀਹੇ ਦੇ ਕੇ ਮਾਰਨਾ | ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੂੰ ਪਹਿਲਾਂ ਤੱਤੀ ਲੋਹ 'ਤੇ ਬਿਠਾਇਆ ਗਿਆ, ਸੀਸ ਉਤੇ ਗਰਮ ਰੇਤ ਪਾਈ ਗਈ ਅਤੇ ਉੱਬਲਦੀ ਦੇਗ਼ ਵਿਚ ਬਿਠਾਇਆ ਗਿਆ | ਇਤਿਹਾਸ ਮੁਤਾਬਿਕ ਇਹ ਸਾਰਾ ਕੰਮ ਲਾਹੌਰ ਦਰਬਾਰ ਵਿਚ ਅਸਰ-ਰਸੂਖ ਰੱਖਣ ਵਾਲੇ ਵਿਅਕਤੀਆਂ ਵੱਲੋਂ ਕੀਤਾ ਗਿਆ |

ਇਤਿਹਾਸ ਇਸ ਗੱਲ ਦਾ ਸਾਖੀ ਹੈ ਕਿ ਗੁਰੂ ਜੀ ਅਖੀਰ ਤੱਕ ਅਡੋਲ, ਨਿਰਭੈ ਅਤੇ ਸ਼ਾਂਤ-ਚਿਤ ਰਹੇ | ਉਹ ਇਸ ਭਿਆਨਕ, ਨਿਰਦਈ ਹਾਲਾਤ ਵਿਚ ਵੀ ਹਰੀ ਸਿਮਰਨ ਵਿਚ ਲੀਨ ਰਹੇ ਤੇ ਪ੍ਰਭੂ ਦੇ ਭਾਣੇ ਨੂੰ ਸਦਾ ਮਿੱਠਾ ਕਰਕੇ ਮੰਨਣ ਦੀ ਜਾਚ ਸਿਖਾ ਗਏ | ਆਪ ਜੀ ਦੀ ਸ਼ਹਾਦਤ ਸਹਿਣਸ਼ੀਲਤਾ ਦੀ ਅਖੀਰ ਸੀ, ਜਿਸ ਨਾਲ 'ਤੇਰਾ ਕੀਆ ਮੀਠਾ ਲਾਗੈ' ਦਾ ਫਲਸਫਾ 'ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜਸ਼ਤ'' ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤੁ'' ਵਿਚ ਤਬਦੀਲ ਹੋ ਗਿਆ |

ਗੁਰੂ ਸਾਹਿਬ ਦੀ ਸ਼ਹੀਦੀ ਨਾਲ ਸਿੱਖਾਂ ਦੇ ਮਨਾਂ ਵਿਚ ਇਹ ਗੱਲ ਘਰ ਕਰ ਗਈ ਕਿ ਧਰਮ ਦੀ ਰੱਖਿਆ ਲਈ ਜ਼ੁਲਮ ਦੇ ਅੱਗੇ ਗੋਡੇ ਟੇਕਣ ਦੀ ਬਜਾਏ ਹਥਿਆਰਬੰਦ ਹੋਣਾ ਤੇ ਵੈਰੀ ਨਾਲ ਦੋ ਹੱਥ ਕਰਨਾ ਲਾਜ਼ਮੀ ਹੈ | ਇਸ ਸ਼ਹਾਦਤ ਤੋਂ ਬਾਅਦ ਮਾਲਾ ਫੇਰਨ ਵਾਲੇ ਹੱਥਾਂ ਵਿਚ ਸ਼ਮਸ਼ੀਰ ਆ ਗਈ | ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ ਅਕਾਲ ਪੁਰਖ ਦੇ ਸਦਾ ਰਹਿਣ ਵਾਲੇ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਥਾਪਨਾ ਕੀਤੀ |

ਗੁਰੂ ਜੀ ਦੀ ਖਾਮੋਸ਼ ਸ਼ਹਾਦਤ ਨੇ ਸਿੱਖ ਕੌਮ ਵਿਚ ਜਬਰ ਵਿਰੁੱਧ ਬਗਾਵਤ ਦਾ ਅਥਾਹ ਜੋਸ਼ ਭਰ ਦਿੱਤਾ | ਇਹੀ ਕਾਰਨ ਸੀ ਕੇ ਸਿੱਖਾਂ ਨੇ ਹਰ ਮੁਸੀਬਤ ਨੂੰ ਖਿੜੇ-ਮੱਥੇ ਝੱਲਦਿਆਂ ਤੇ ਤਸੀਹੇ ਸਹਾਰਦਿਆਂ ਹੋਇਆਂ ਬੇ-ਅਣਖੇ ਜੀਵਨ ਨਾਲੋਂ ਅਣਖ ਭਰੀ ਮੌਤ ਨੂੰ ਪਹਿਲ ਦਿੱਤੀ | 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ'' ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ'' (ਪੰਨਾ ੧੧੦੨)' ਦਾ ਅਦਰਸ਼ ਸਿੱਖੀ ਵਿਚ ਦਾਖਲ ਹੋਣ ਲਈ ਪਹਿਲਾ ਕਦਮ ਬਣ ਗਿਆ | ਸੱਚ ਉਤੇ ਪਹਿਰਾ ਦਿੰਦਿਆਂ ਸਿੱਖਾਂ ਨੇ ਬੁਰਾਈਆਂ ਦਾ ਟਾਕਰਾ ਕੀਤਾ | ਕਮਜ਼ੋਰਾਂ ਨੂੰ ਲਤਾੜੇ ਜਾਂਦੇ ਵੇਖ ਸਿੱਖਾਂ ਦੇ ਜਜ਼ਬੇ ਜਾਗ ਪਏ, ਸਿੱਖ ਨਿਆਸਰਿਆਂ ਨੂੰ ਆਸਰਾ ਦੇਣ ਲਈ ਬਲਦੀ ਅੱਗ ਵਿਚ ਵੀ ਕੁੱਦਣ ਲੱਗੇ |

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਿੱਖਾਂ ਅੰਦਰ ਗੁਰੂ ਘਰ ਦੇ ਵਿਰੋਧੀਆਂ ਵੱਲੋਂ ਪੈਦਾ ਕੀਤੀਆਂ ਮੁਸੀਬਤਾਂ ਦਾ ਹਿੰਮਤ ਤੇ ਦਲੇਰੀ ਨਾਲ ਟਾਕਰਾ ਕਰਨ ਦੀ ਸਮਰੱਥਾ ਪੈਦਾ ਹੋਈ | ਪ੍ਰਿੰਸੀਪਲ ਸਤਿਬੀਰ ਸਿੰਘ ਨੇ ਠੀਕ ਲਿਖਿਆ ਹੈ 'ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਕੁਰਬਾਨੀ ਦੇ ਕੇ ਸਿੱਖਾਂ ਲਈ ਪੂਰਨੇ ਪਾਏ ਤਾਂ ਕਿ ਆਉਣ ਵਾਲੀਆਂ ਨਸਲਾਂ ਉਨ੍ਹਾਂ ਪੂਰਨਿਆਂ ਉੱਤੇ ਚੱਲ ਸਕਣ | ਜੇ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹਾਦਤ ਨਾ ਦਿੰਦੇ ਤਾਂ ਸ਼ਾਇਦ ਉਸ ਉਤਸ਼ਾਹ ਨਾਲ ਸਿੱਖ ਸ਼ਹਾਦਤਾਂ ਪੇਸ਼ ਨਾ ਕਰਦੇ, ਜਿਸ ਨਾਲ ਬਾਅਦ ਦੇ ਸਮੇਂ ਵਿਚ ਉਨ੍ਹਾਂ ਸ਼ਹਾਦਤਾਂ ਦਿੱਤੀਆਂ | ਜੇ ਸਿੱਖ ਆਚਰਨ ਨੇ ਦੁਨੀਆ ਦੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਤਾਂ ਇਸ ਦਾ ਵੱਡਾ ਕਾਰਨ ਗੁਰੂ ਜੀ ਦੀ ਸ਼ਹਾਦਤ ਸੀ, ਜਿਸ ਨੇ ਅਜਿਹੀ ਨੀਂਹ ਰੱਖੀ ਕਿ ਉਸ ਉੱਤੇ ਸਿੱਖੀ ਦਾ ਸੁੰਦਰ ਮਹੱਲ ਬਣਿਆ |'

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਸਾਡਾ ਮੁਢਲਾ ਫ਼ਰਜ਼ ਹੈ ਕਿ ਅਸੀਂ ਅਨਿਆਂ ਵਿਰੁੱਧ ਚੇਤੰਨ ਹੋ ਕੇ ਮਨੁੱਖੀ ਅਧਿਕਾਰਾਂ ਤੇ ਮਨੁੱਖੀ ਆਜ਼ਾਦੀ ਲਈ ਸੰਘਰਸ਼ਸ਼ੀਲ ਹੋਈਏ, ਸਿੱਖ ਧਰਮ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ ਅਤੇ ਪਾਤਸ਼ਾਹ ਜੀ ਦੀ ਸ਼ਹਾਦਤ ਦੇ ਫਲਸਫੇ ਨੂੰ ਹਿਰਦਿਆਂ ਵਿਚ ਵਸਾ ਲੋਕਾਈ ਦੀ ਸੇਵਾ ਵਿਚ ਜੁਟ ਜਾਈਏ-

ਜਪ੍ਯਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ''
(ਪੰਨਾ ੧੪੦੯)

ਸੁਖਵਿੰਦਰ ਸਿੰਘ ਲਾਇਲ